World Punjabi News Network
WORLD PUNJABI ਪੰਜਾਬੀ | ਪੰਜਾਬੀ NEWS
ਲੋਕ ਹਿੱਤ ਵਿੱਚ ਪੱਤਰਕਾਰੀ
@worldpunjabinews
@worldpunjabinewstv
@wpunjabinews
@worldpunjabinews
@worldpunjabinews



# ਦੇਸ਼ 'ਚ ਘਟੀ ਕੋਰੋਨਾ ਦੀ ਰਫ਼ਤਾਰ, 24 ਘੰਟਿਆਂ ਦੌਰਾਨ ਸਾਹਮਣੇ ਆਏ 3.11 ਲੱਖ ਨਵੇਂ ਮਾਮਲੇ, 4077 ਮਰੀਜ਼ਾਂ ਦੀ ਮੌਤ



**ਨਵੀਂ ਦਿੱਲੀ।** ਕੋਰੋਨਾ ਦੀ ਦੂਜੀ ਲਹਿਰ ਵਿੱਚ ਸੰਕਰਮਣ ਦੇ ਵੱਧ ਰਹੇ ਮਾਮਲਿਆਂ ਦੇ ਮੱਦੇਨਜ਼ਰ ਰਾਜਾਂ ਦੁਆਰਾ ਲਗਾਈਆਂ ਗਈਆਂ ਪਾਬੰਦੀਆਂ ਦਾ ਅਸਰ ਹੁਣ ਕੋਰੋਨਾ ਗ੍ਰਾਫ 'ਤੇ ਦਿਖਾਈ ਦੇ ਰਿਹਾ ਹੈ। ਜਿਸ ਕਾਰਨ ਦੇਸ਼ ਵਿੱਚ ਹੁਣ ਕੋਰੋਨਾ ਦੀ ਰਫਤਾਰ ਘਟਦੀ ਹੋਈ ਨਜ਼ਰ ਆ ਰਹੀ ਹੈ।ਸਿਹਤ ਮੰਤਰਾਲੇ ਦੇ ਅੰਕੜਿਆਂ ਅਨੁਸਾਰ ਦੇਸ਼ ਵਿੱਚ ਪਿਛਲੇ 24 ਘੰਟਿਆਂ ਦੌਰਾਨ ਕੋਰੋਨਾ ਦੇ 3,11,170 ਨਵੇਂ ਮਾਮਲੇ ਸਾਹਮਣੇ ਆਏ ਹਨ, ਜਦੋਂ ਕਿ 4077 ਮਰੀਜ਼ਾਂ ਨੇ ਆਪਣੀਆਂ ਜਾਨਾਂ ਗੁਆਈਆਂ ਹਨ ।ਨਵੇਂ ਮਾਮਲੇ ਸਾਹਮਣੇ ਆਉਣ ਤੋਂ ਬਾਅਦ ਦੇਸ਼ ਵਿੱਚ ਕੋਰੋਨਾ ਪੀੜਤਾਂ ਦੀ ਕੁੱਲ ਗਿਣਤੀ 2 ਕਰੋੜ 46 ਲੱਖ 84 ਹਜ਼ਾਰ 77 ਹੋ ਗਈ ਹੈ, ਜਦੋਂ ਕਿ ਪਿਛਲੇ 24 ਘੰਟਿਆਂ ਵਿੱਚ 4077 ਮੌਤਾਂ ਤੋਂ ਬਾਅਦ ਦੇਸ਼ ਵਿੱਚ ਕੋਰੋਨਾ ਕਾਰਨ ਆਪਣੀ ਜਾਨ ਗੁਆਉਣ ਵਾਲੇ ਮਰੀਜ਼ਾਂ ਦੀ ਕੁੱਲ ਗਿਣਤੀ 2 ਲੱਖ 70 ਲੱਖ 284 ਤੱਕ ਪਹੁੰਚ ਗਈ ਹੈ।ਸਿਹਤ ਮੰਤਰਾਲੇ ਦੇ ਅਨੁਸਾਰ ਹੁਣ ਤੱਕ ਦੇਸ਼ ਵਿੱਚ ਕੋਰੋਨਾ ਦੇ 36 ਲੱਖ 18 ਹਜ਼ਾਰ 458 ਸਰਗਰਮ ਮਾਮਲੇ ਹਨ, ਜਦੋਂ ਕਿ 2 ਕਰੋੜ 7 ਲੱਖ 95 ਹਜ਼ਾਰ 335 ਮਰੀਜ਼ ਠੀਕ ਹੋ ਚੁੱਕੇ ਹਨ । ਕੋਰੋਨਾ ਕਾਰਨ ਹੁਣ ਤੱਕ ਦੇਸ਼ ਵਿੱਚ 2 ਲੱਖ 70 ਹਜ਼ਾਰ 284 ਲੋਕਾਂ ਦੀ ਮੌਤ ਹੋ ਚੁੱਕੀ ਹੈ । ਇਸ ਤੋ ਇਲਾਵਾ ਮਹਾਰਾਸ਼ਟਰ ਵਿੱਚ ਵੀ ਕੋਰੋਨਾ ਤੋਂ ਰਾਹਤ ਮਿਲੀ ਹੈ।ਦੱਸ ਦੇਈਏ ਕਿ ਸ਼ਨੀਵਾਰ ਨੂੰ ਮਹਾਰਾਸ਼ਟਰ ਵਿੱਚ ਕੋਰੋਨਾ ਵਾਇਰਸ ਦੀ ਲਾਗ ਦੇ 34,848 ਨਵੇਂ ਕੇਸ ਸਾਹਮਣੇ ਆਉਣ ਤੋਂ ਬਾਅਦ ਪੀੜਤਾਂ ਦੀ ਕੁੱਲ ਗਿਣਤੀ ਵੱਧ ਕੇ 53,44,063 ਹੋ ਗਈ ਹੈ, ਜਦਕਿ 960 ਹੋਰ ਮਰੀਜ਼ਾਂ ਦੀ ਮੌਤ ਦੀ ਗਿਣਤੀ 80,512 ਤੱਕ ਪਹੁੰਚ ਗਈ ਹੈ । ਸਿਹਤ ਵਿਭਾਗ ਅਨੁਸਾਰ ਮਹਾਰਾਸ਼ਟਰ ਵਿੱਚ ਪਿਛਲੇ 24 ਘੰਟਿਆਂ ਦੌਰਾਨ 59,073 ਲੋਕਾਂ ਨੂੰ ਹਸਪਤਾਲ ਤੋਂ ਛੁੱਟੀ ਦਿੱਤੀ ਗਈ ।

## ਟਰਾਂਸਪੋਰਟ ਮੰਤਰੀ ਦੀ ਰਿਹਾਇਸ਼ ਨੇੜੇ ਗਰਜੇ ਟੈਕਸੀ ਚਾਲਕ

**ਮਾਲੇਰਕੋਟਲਾ।** ਪੰਜਾਬ ਵਿਧਾਨ ਸਭਾ 'ਚ ਪਾਸ ਕੀਤੇ ਗਏ ਪੰਜਾਬ ਮੋਟਰ ਵਹੀਕਲ ਟੈਕਸੇਸ਼ਨ ਸੋਧ ਬਿੱਲ 2021 ਰੱਦ ਕਰਵਾਉਣ ਅਤੇ ਹੋਰ ਮੰਗਾਂ ਸਬੰਧੀ ਅੱਜ ਆਜ਼ਾਦ ਟੈਕਸੀ ਯੂਨੀਅਨ (ਪੰਜਾਬ) ਨੇ ਟਰਾਂਸਪੋਰਟ ਮੰਤਰੀ ਰਜ਼ੀਆ ਸੁਲਤਾਨਾ ਦੀ ਸਥਾਨਕ ਰਿਹਾਇਸ਼ ਨੇੜੇ ਰੋਸ ਪ੍ਰਦਰਸ਼ਨ ਕਰਦਿਆਂ ਪੰਜਾਬ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਇਸ ਦੌਰਾਨ ਹਰਨਰਾਇਣ ਸਿੰਘ ਮਾਨ, ਸੂਬਾ ਪ੍ਰਧਾਨ ਸ਼ਰਨਜੀਤ ਸਿੰਘ ਕਲਸੀ , ਸੂਬਾ ਸਕੱਤਰ ਰਾਜਿੰਦਰ ਸਿੰਘ ਅਤੇ ਜ਼ਿਲ੍ਹਾ ਪ੍ਰਧਾਨ ਬਲਜਿੰਦਰ ਸਿੰਘ ਪੱਮਾ ਨੇ ਕਿਹਾ ਕਿ ਗੱਡੀਆਂ ਦੀ ਪਾਸਿੰਗ ਦਾ ਕੰਮ ਮੋਦੀ ਸਰਕਾਰ ਕਾਰਪੋਰੇਟ ਘਰਾਣਿਆਂ ਨੂੰ ਦੇਣ ਜਾ ਰਹੀ ਹੈ, ਜਿਸ ਦਾ ਉਹ ਸਖ਼ਤ ਵਿਰੋਧ ਕਰਦੇ ਹਨ। ਉਨ੍ਹਾਂ ਕਿਹਾ ਕਿ ਕਾਰਪੋਰੇਟ ਘਰਾਣਿਆਂ ਵੱਲੋਂ ਪੁਰਾਣੀਆਂ ਗੱਡੀਆਂ ਸਕਰੈਪ ਸੈਂਟਰਾਂ ਨੂੰ ਕੌਡੀਆਂ ਦੇ ਭਾਅ ਵੇਚਣ ਅਤੇ ਜ਼ਿਆਦਾ ਵਿਆਜ਼ ਦਰ 'ਤੇ ਨਵੇਂ ਵਾਹਨ ਖ਼ਰੀਦਣ ਲਈ ਮਜਬੂਰ ਕੀਤਾ ਜਾਵੇਗਾ। ਇਹ ਸਭ ਕੁਝ ਭਾਜਪਾ ਦੀ ਆਟੋ ਮੋਬਾਈਲ ਕੰਪਨੀਆਂ ਤੋਂ ਚੋਣ ਫੰਡ ਲੈਣ ਦੀ ਨੀਤੀ ਦਾ ਹਿੱਸਾ ਹੈ। ਉਨ੍ਹਾਂ ਮੰਗ ਕੀਤੀ ਕਿ ਕਰੋਨਾ ਮਹਾਮਾਰੀ ਨੂੰ ਧਿਆਨ ਵਿਚ ਰੱਖਦਿਆਂ ਪਹਿਲੀ ਮਾਰਚ 2020 ਤੋਂ 30 ਜੂਨ 2021 ਤੱਕ ਟੈਕਸ ਮੁਆਫ਼ੀ ਦਿੱਤੀ ਜਾਵੇ, ਪਰਿਵਾਹਨ ਅਯੋਗ ਦਾ ਗਠਨ ਕਰਕੇ ਟੈਕਸੀ ਚਾਲਕਾਂ ਦੀਆਂ ਸਮੱਸਿਆਵਾਂ ਹੱਲ ਕੀਤੀਆਂ ਜਾਣ, ਨੈਸ਼ਨਲ ਪਰਮਿਟ ਦੇ ਨਾਂ 'ਤੇ ਟੈਕਸੀ ਚਾਲਕਾਂ ਦੀ ਲੁੱਟ ਬੰਦ ਕਰਕੇ ਟੈਕਸ ਸਲੈਬ ਪ੍ਰਤੀ ਸੀਟ ਦੇ ਅਧਾਰ 'ਤੇ ਦੋ ਹਜ਼ਾਰ ਰੁਪਏ ਕੀਤੀ ਜਾਵੇ, ਚਲਾਨ ਦੇ ਨਾਂ 'ਤੇ ਟਰੈਫਿਕ ਪੁਲੀਸ ਅਤੇ ਖੇਤਰੀ ਟਰਾਂਸਪੋਰਟ ਅਫ਼ਸਰਾਂ ਵੱਲੋਂ ਕੀਤੀ ਜਾ ਰਹੀ ਲੁੱਟ ਬੰਦ ਕੀਤੀ ਜਾਵੇ, ਪੈਟਰੋਲ ਡੀਜ਼ਲ ਦੀਆਂ ਕੀਮਤਾਂ ਦਾ ਵਾਧੂ ਆਰਥਿਕ ਬੋਝ ਟੈਕਸੀ ਚਾਲਕਾਂ ਦੇ ਮਾਲਕਾਂ 'ਤੇ ਨਾ ਪਾਇਆ ਜਾਵੇ ਅਤੇ ਪੂਰੇ



ਦੇਸ਼ ਦੇ ਟੈਕਸੀ ਚਾਲਕਾਂ ਤੇ ਮਾਲਕਾਂ ਲਈ ਇੱਕ ਟੈਕਸੀ ਪਾਲਿਸੀ ਲਾਗੂ ਹੋਵੇ।ਇਸ ਮੌਕੇ 10 ਮੈਂਬਰੀ ਵਫ਼ਦ ਨੇ ਕੈਬਨਿਟ ਮੰਤਰੀ ਦੀ ਰਿਹਾਇਸ਼ 'ਤੇ ਪੁੱਜ ਕੇ ਮੰਤਰੀ ਦੇ ਪੀਏ ਦਰਬਾਰਾ ਸਿੰਘ ਅਤੇ ਮੁਹੰਮਦ ਤਾਰਿਕ ਨੂੰ ਮੰਗ ਪੱਤਰ ਸੌਂਪਿਆ। ਇਸ ਮਗਰੋਂ ਕੈਬਨਿਟ ਮੰਤਰੀ ਨਾਲ ਮੁਲਾਕਾਤ ਦਾ ਸਮਾਂ ਮਿਲਣ 'ਤੇ ਉਨ੍ਹਾਂ ਧਰਨਾ ਸਮਾਪਤ ਕਰ ਦਿੱਤਾ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇ ਮੰਤਰੀ ਨਾਲ ਮੁਲਾਕਾਤ ਨਾ ਹੋਈ ਤਾਂ ਉਨ੍ਹਾਂ ਵੱਲੋਂ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ।

## ਸ੍ਰੀਲੰਕਾ 'ਚ ਮੀਂਹ ਅਤੇ ਹੜ ਕਾਰਨ ਚਾਰ ਮੌਤਾਂ; ਸਾਢੇ ਗਿਆਰਾਂ ਹਜ਼ਾਰ ਤੋਂ ਵੱਧ ਲੋਕ ਹੋਏ ਪ੍ਰਭਾਵਿਤ



**ਕੋਲੰਬੋ।** ਸ੍ਰੀਲੰਕਾ ਦੇ ਕਈ ਹਿੱਸਿਆਂ 'ਚ ਮੀਂਹ ਅਤੇ ਹੜ ਕਾਰਨ 4 ਲੋਕਾਂ ਦੀ ਮੌਤ ਹੋ ਗਈ ਜਦਕਿ 11,500 ਹਜ਼ਾਰ ਤੋਂ ਵੱਧ ਹੋਰ ਲੋਕ ਪ੍ਰਭਾਵਿਤ ਹੋਏ ਹਨ। ਕੋਲੰਬੋ ਪੇਜ ਅਖ਼ਬਾਰ ਦੀ ਇੱਕ ਰਿਪੋਰਟ 'ਚ ਆਫ਼ਤ ਪ੍ਰਬੰਧਨ ਕੇਂਦਰ (ਡੀਐੱਮਸੀ) ਦੇ ਅੰਕੜਿਆਂ ਦੇ ਹਵਾਲੇ ਨਾਲ ਦੱਸਿਆ ਗਿਆ ਕਿ ਹੜ ਕਾਰਨ ਗਾਲੇ ਸ਼ਹਿਰ ਦੇ ਅਲੁੱਥਵੱਟਾ ਇਲਾਕੇ 'ਚ ਦੋ ਲੋਕਾਂ ਦੀ ਜਦਕਿ ਕੇਗਾਲੇ ਜ਼ਿਲ੍ਹੇ 'ਚ ਇੱਕ ਵਿਅਕਤੀ ਦੀ ਮੌਤ ਮਿੱਟੀ ਦੀ ਢਿੱਗ ਡਿੱਗਣ ਨਾਲ ਘਰ ਅੰਦਰ ਦਬ ਜਾਣ ਕਾਰਨ ਹੋਈ। ਵਰੀਆਪੋਲਾ ਜ਼ਿਲ੍ਹੇ 'ਚ ਇੱਕ ਹੋਰ ਵਿਅਕਤੀ ਦੀ ਮੌਤ ਹੜ ਦੇ ਪਾਣੀ 'ਚ ਡੁੱਬਣ ਕਾਰਨ ਹੋਈ। ਡੀਐੱਮਸੀ ਅਧਿਕਾਰੀਆਂ ਮੁਤਾਬਕ ਖਰਾਬ ਮੌਸਮ ਕਾਰਨ ਸੱਤ ਜ਼ਿਲ੍ਹਿਆਂ, ਗਾਲੇ, ਮਤਾਰਾ, ਕੁਰੁਨੇਗਾਲਾ, ਕੇਗਾਲੇ, ਗੰਪਾਹਾ, ਕੋਲੰਬੋ ਅਤੇ ਕਲੂਤਾਰਾ ਵਿੱਚ 2,750 ਪਰਿਵਾਰਾਂ ਨਾਲ ਸਬੰਧਤ 11,542 ਲੋਕ ਪ੍ਰਭਾਵਿਤ ਹੋਏ ਹਨ। ਰਿਪੋਰਟਾਂ ਮੁਤਾਬਕ ਜਲ ਸੈਨਾ ਵੱਲੋਂ ਬਚਾਅ ਕਾਰਜਾਂ ਲਈ 15 ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ।

OUR PARTNERS IN PROMOTION
WORLD PUNJABI NEWS NETWORK
whitecloud.in WHITECLOUD INTERNATIONAL
WEB PRESENCE PROVIDER
SmartBrainz EXPLORE. CHOOSE. BUY.
TECHNOLOGY PROVIDER
WORLD PUNJABI NEWS NETWORK
NEWS & MEDIA PARTNER
ADVERTISE WITH US
+91 98155 88388
worldpunjabinews@gmail.com

# ਕਰੋਨਾ ਸੰਕਟ ਲੁਕਾਇਆਂ ਨਹੀਂ ਲੁਕ ਸਕਦਾ

ਅੰਗਰੇਜ਼ੀ ਦੇ ਨਾਮੀ ਸ਼ਾਇਰ ਟੀਐੱਸ ਇਲੀਅਟ ਦੀ ਕਵਿਤਾ 'ਦਿ ਵੇਸਟ ਲੈਂਡ' ਦੀ ਇਕ ਸਤਰ ਹੈ: 'ਅਪਰੈਲ ਜ਼ਾਲਮ ਮਹੀਨਾ ਹੈ, ਜਦੋਂ ਮਰੀ ਹੋਈ ਧਰਤੀ ਵਿਚ ਲਾਈਲਕ (ਨੀਲਕ) ਦੇ ਬੂਟੇ ਜੰਮਦੇ ਹਨ...।' ਭਾਰਤ ਨੇ ਵੀ ਹਾਲ ਹੀ ਵਿਚ ਜ਼ਾਲਮ ਅਪਰੈਲ ਆਪਣੇ ਪਿੰਡੇ ਉਤੇ ਹੰਢਾਇਆ ਹੈ ਪਰ ਇਥੇ ਇਸ ਦੌਰਾਨ ਨੀਲਕ ਦੇ ਬੂਟੇ ਨਹੀਂ ਉੱਗੇ ਸਗੋਂ ਇਸ ਦੇ ਜ਼ੁਲਮ ਦਾ ਸ਼ਿਕਾਰ ਹੋ ਰਹੀ ਧਰਤੀ ਉਤੇ ਮੌਤਾਂ ਅਤੇ ਅੰਤਿਮ ਸੰਸਕਾਰਾਂ ਦੇ ਮਾਤਮੀ ਦ੍ਰਿਸ਼ ਹੀ ਦੇਖਣ ਨੂੰ ਮਿਲ ਰਹੇ ਸਨ। ਮਈ ਦੌਰਾਨ ਸਗੋਂ ਕਿਤੇ ਵੱਧ ਦਰਦ ਮਿਲਣ ਦਾ ਖ਼ਦਸ਼ਾ ਹੈ। ਸਾਰਾ ਕੁਝ ਇੰਨੀ ਮਾੜੀ ਹਾਲਤ ਤੱਕ ਕਿਵੇਂ ਪੁੱਜਾ? ਸਾਨੂੰ ਸ਼ਾਂਤ ਹੋ ਕੇ ਪੂਰੀ ਨਿਰਪੱਖਤਾ ਨਾਲ ਇਸ ਬਾਰੇ ਵਿਚਾਰ ਕਰਨ ਦੀ ਲੋੜ ਹੈ, ਹਾਲਾਂਕਿ ਇਸ ਦਰਦ, ਗੁੱਸੇ ਤੇ ਨਿਰਾਸ਼ਾ ਭਰੇ ਆਲਮ ਵਿਚ ਇਹ ਕਾਫ਼ੀ ਮੁਸ਼ਕਿਲ ਜਾਪ ਸਕਦਾ ਹੈ।



ਸਾਨੂੰ ਲੋੜ ਹੈ ਕਿ ਅਸੀਂ ਪੂਰਾ ਪਤਾ ਲਾਈਏ ਕਿ ਸਾਡੇ ਕੋਲੋਂ ਕਿਥੇ ਗ਼ਲਤੀ ਹੋਈ ਹੈ ਅਤੇ ਉਸ ਨੂੰ ਪੂਰੀ ਨਿਮਰਤਾ ਅਤੇ ਇਮਾਨਦਾਰੀ ਨਾਲ ਕਬੂਲ ਕਰੀਏ। ਜੇ ਅਸੀਂ ਅਜਿਹਾ ਨਾ ਕਰ ਸਕੇ ਤਾਂ ਸਾਫ਼ ਹੈ ਕਿ ਗ਼ਲਤੀਆਂ ਦੀ ਦਰੁਸਤੀ ਅਤੇ ਪੀੜਾਂ ਤੇ ਮੱਲ੍ਹਮ ਲਾਉਣ ਦਾ ਕੰਮ ਹੋ ਹੀ ਨਹੀਂ ਸਕੇਗਾ ਅਤੇ ਨਾ ਹੀ ਅਸੀਂ ਆਪਣੇ ਪਿਆਰੇ ਭਾਰਤ ਨੂੰ ਅਜਿਹੀ ਕਿਸੇ ਹੋਰ ਤ੍ਰਾਸਦੀ ਦਾ ਸ਼ਿਕਾਰ ਹੋਣ ਤੋਂ ਬਚਾ ਸਕਾਂਗੇ। ਅਸੀਂ ਅਜਿਹੇ ਮੁਲਕ ਦੇ ਵਾਸ਼ਿੰਦੇ ਹਾਂ ਜਿਸ ਦੀ ਆਤਮਾ ਨੂੰ ਸਤਾ-ਖਪਾ ਕੇ ਰੱਖ ਦਿੱਤਾ ਗਿਆ ਹੈ। ਸਾਡੀਆਂ ਜ਼ਖ਼ਮੀ ਹੋਈਆਂ ਆਤਮਾਵਾਂ ਇਸ ਤ੍ਰਾਸਦੀ ਵਿਚ ਜਾਨਾਂ ਗੁਆ ਕੇ ਲਾਸ਼ਾਂ ਬਣ ਚੁੱਕੇ ਅਣਗਿਣਤ ਲੋਕਾਂ ਜਿਨ੍ਹਾਂ ਨੂੰ ਹੁਣ ਅੰਤਿਮ ਸੰਸਕਾਰ ਕਰਦਿਆਂ ਸਾੜ ਜਾਂ ਧਰਤੀ ਮਾਂ ਵਿਚ ਦਫਨਾ ਦਿੱਤਾ ਜਾਵੇਗਾ, ਤੋਂ ਵੀ ਕਿਤੇ ਵੱਧ ਜ਼ਖ਼ਮੀ ਹਨ। ਜਿਹੜੇ ਜ਼ਿੰਦਾ ਹਨ, ਉਨ੍ਹਾਂ ਨੂੰ ਉੱਜਲੇ ਭਵਿੱਖ ਲਈ ਆਸ ਦੀ ਕਿਰਨ ਦਿਖਾਉਣ ਦੀ ਲੋੜ ਹੈ।

ਕੋਵਿਡ-19 ਦੀ ਪਹਿਲੀ ਲਹਿਰ ਦਾ ਜ਼ੋਰ ਜਿਉਂ ਹੀ ਕੁਝ ਘਟਿਆ ਤਾਂ ਅਸੀਂ ਸੁਰੱਖਿਆ ਪ੍ਰਬੰਧ ਹਟਾ ਲਏ ਤੇ ਕੁਝ ਅਵੇਸਲੇ ਹੋ ਗਏ। ਅਸੀਂ ਇਸ ਤੱਥ ਨੂੰ ਨਜ਼ਰਅੰਦਾਜ਼ ਕਰ ਦਿੱਤਾ ਕਿ ਕਈ ਮੁਲਕਾਂ ਨੂੰ ਵਾਇਰਸ ਦੇ ਨਵੇਂ ਉੱਭਰੇ ਰੂਪਾਂ ਨਾਲ ਦੂਜੀ ਲਹਿਰ ਦਾ ਵੀ ਸਾਹਮਣਾ ਕਰਨਾ ਪਿਆ ਸੀ। ਮਹਿਜ਼ ਇਕ ਸਾਲ ਦੇ ਥੋੜ੍ਹੇ ਜਿਹੇ ਸਮੇਂ ਦੌਰਾਨ ਹੀ ਵਧੀਆ ਢੰਗ ਨਾਲ ਵੈਕਸੀਨ ਵਿਕਸਤ ਕਰ ਲਏ ਜਾਣ ਦੀ ਸਫਲਤਾ ਨੇ ਵੀ ਇਹ ਸੋਚ ਪੈਦਾ ਕੀਤੀ ਕਿ ਖ਼ਤਰਾ ਟਲ਼ ਗਿਆ ਹੈ। ਜ਼ਰੂਰੀ ਸੀ ਕਿ ਇਸ ਦੇਸ਼ ਦੇ ਆਮ ਲੋਕ ਮੂੰਹ ਤੇ ਮਾਸਕ ਲਗਾਉਣ, ਹੱਥਾਂ ਨੂੰ ਸੈਨੇਟਾਈਜ਼ ਕਰਨ ਅਤੇ ਸਰੀਰਕ ਫ਼ਾਸਲਾ ਬਣਾਈ ਰੱਖਣ ਵਰਗੇ ਬਚਾਅ ਪ੍ਰਬੰਧ ਜਾਰੀ ਰੱਖਦੇ। ਸਾਡੇ ਵਰਗੇ ਪੜ੍ਹੇ ਲਿਖਿਆਂ ਨੂੰ ਤਾਂ ਇਸ ਮਾਮਲੇ ਵਿਚ ਕੋਈ ਛੋਟ ਨਹੀਂ ਹੋਣੀ ਚਾਹੀਦੀ। ਸਾਨੂੰ ਵੱਡੇ ਵਿਆਹ ਸਮਾਗਮਾਂ, ਪਾਰਟੀਆਂ ਅਤੇ ਹੋਰ ਵੱਡੀਆਂ ਇਕੱਤਰਤਾਵਾਂ ਤੋਂ ਪਰਹੇਜ਼ ਕਰਨਾ ਚਾਹੀਦਾ ਸੀ। ਦੋਵੇਂ, ਕੇਂਦਰੀ ਤੇ ਸੂਬਾਈ ਪੱਧਰਾਂ ਉਤੇ ਸਰਕਾਰਾਂ ਖ਼ਾਸਕਰ ਸੀਨੀਅਰ ਸਿਆਸੀ ਆਗੂਆਂ ਨੂੰ ਇਸ ਮਾਮਲੇ ਵਿਚ ਅੱਗੇ ਵਧ ਕੇ ਮਿਸਾਲ ਕਾਇਮ ਕਰਨੀ ਚਾਹੀਦੀ ਸੀ।

ਇਸ ਦੇ ਉਲਟ ਹਾਲਾਤ ਇਹ ਸਨ ਕਿ ਚੋਣਾਂ ਕਰਵਾਈਆਂ ਜਾ ਰਹੀਆਂ ਸਨ ਅਤੇ ਸਿਆਸੀ ਆਗੂ ਵੱਡੀਆਂ ਰੈਲੀਆਂ ਅਤੇ ਹੋਰ ਸਿਆਸੀ ਇਕੱਤਰਤਾਵਾਂ ਕਰਨ ਵਿਚ ਮਸਰੂਫ ਸਨ ਜਿਸ ਦੌਰਾਨ ਖ਼ੁਦ ਆਗੂਆਂ ਨੇ ਹੀ ਜਾਂ ਤਾਂ ਮਾਸਕ ਪਹਿਨੇ ਹੀ ਨਹੀਂ ਸਨ ਹੁੰਦੇ, ਜਾਂ ਉਨ੍ਹਾਂ ਨੂੰ ਮੂੰਹ ਤੇ ਨੱਕ ਤੋਂ ਹੇਠਾਂ ਕਾਲਰਾਂ ਤੱਕ ਸਰਕਾਇਆ ਹੁੰਦਾ ਸੀ। ਇਸ ਹਾਲਾਤ ਵਿਚ ਸਰੀਰਕ ਫ਼ਾਸਲਾ ਕਿਵੇਂ ਕਾਇਮ ਰੱਖਿਆ ਜਾ ਸਕਦਾ ਸੀ? ਅਸੀਂ ਦੇਖਿਆ ਕਿ ਖ਼ੁਦ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਤੱਕ ਇਨ੍ਹਾਂ ਰੈਲੀਆਂ ਵਿਚ ਨਾ ਸਿਰਫ਼ ਸ਼ਿਰਕਤ ਕਰ ਰਹੇ ਸਨ ਸਗੋਂ ਉਹ ਲੋਕਾਂ ਦੀਆਂ ਭਾਰੀ ਭੀੜਾਂ ਨੂੰ ਲਾਸਾਨੀ ਕਰਾਰ ਦਿੰਦਿਆਂ ਸ਼ੇਖ਼ੀਆਂ ਮਾਰ ਰਹੇ ਸਨ। ਇਹ ਆਗੂ ਖ਼ੁਦ ਆਪਣੇ ਆਪ ਨੂੰ ਅਤੇ ਨਾਲ ਹੀ ਆਮ ਲੋਕਾਂ ਨੂੰ ਭਾਰੀ ਖ਼ਤਰੇ ਵਿਚ ਪਾਉਣ ਦੀ ਜ਼ਿੰਮੇਵਾਰੀ ਤੋਂ ਨਹੀਂ ਬਚ ਸਕਦੇ। ਇਸ ਦੇ ਨਾਲ ਹੀ ਜਦੋਂ ਇਹ ਸਾਫ਼ ਹੀ ਹੋ ਗਿਆ ਸੀ ਕਿ ਅਸੀਂ ਕਰੋਨਾ ਦੀ ਦੂਜੀ ਲਹਿਰ ਦੀ 'ਸੁਨਾਮੀ' ਦਾ ਸਾਹਮਣਾ ਕਰ ਰਹੇ ਸਾਂ ਤਾਂ ਇਸ ਦੇ ਬਾਵਜੂਦ ਪ੍ਰਚਾਰ ਮੁਹਿੰਮ ਕਿਉਂ ਜਾਰੀ ਰੱਖੀ ਗਈ? ਕਿਉਂ ਚੋਣ ਕਮਿਸ਼ਨ ਨੇ ਹੀ ਚੋਣਾਂ ਰੱਦ ਨਾ ਕਰ ਦਿੱਤੀਆਂ ਅਤੇ ਉਸ ਨੇ ਲੋਕਾਂ ਦੀ ਜਾਨ ਨੂੰ ਚੋਣਾਂ ਨਾਲੋਂ ਅਹਿਮ ਕਿਉਂ ਨਾ ਮੰਨਿਆ? ਕੀ ਕਾਰਨ ਹੈ ਕਿ ਜਦੋਂ ਸੰਕਟ ਦੇ ਹਾਲਾਤ ਨਾਟਕੀ ਢੰਗ ਨਾਲ ਇੰਨੇ ਖ਼ਤਰਨਾਕ ਬਣ ਗਏ ਸਨ, ਤਾਂ ਵੀ ਚੋਣ ਅਮਲ ਜਾਰੀ ਰੱਖਿਆ ਗਿਆ? ਇਸ ਤੋਂ ਬਾਅਦ ਜਦੋਂ ਚੋਣਾਂ ਦੇ ਨਤੀਜੇ ਆਏ ਤਾਂ ਮੁੜ ਜੇਤੂ ਰੈਲੀਆਂ ਦੇ ਰੂਪ ਵਿਚ ਸੜਕਾਂ ਉਤੇ ਲੋਕਾਂ ਦੀਆਂ ਭੀੜਾਂ ਉਤਰ ਆਈਆਂ। ਇਸ ਦੌਰਾਨ ਅਜਿਹੇ ਦਾਅਵੇਦਾਰਾਂ ਦੀ ਵੀ ਕਮੀ ਨਹੀਂ ਸੀ ਜਿਹੜੇ ਆਖ ਰਹੇ ਸਨ ਕਿ ਕਰੋਨਾ ਦੀ ਵਧੀ ਲਾਗ ਦਾ ਚੋਣ ਅਮਲ ਨਾਲ ਸਬੰਧ ਹੋਣ ਦੇ ਬਹੁਤੇ ਸਬੂਤ ਨਹੀਂ ਹਨ। ਇਸ ਤੋਂ ਵੀ ਉਤੇ ਇਹ ਬੇਸਿਰ-ਪੈਰ ਦੇ ਸਵਾਲ ਪੁੱਛੇ ਜਾ ਰਹੇ ਸਨ ਕਿ ਉਨ੍ਹਾਂ ਰਾਜਾਂ ਵਿਚ ਲਾਗ ਕਿਉਂ ਫੈਲ ਰਹੀ ਹੈ, ਜਿਥੇ ਚੋਣਾਂ ਨਹੀਂ ਹੋ ਰਹੀਆਂ? ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਹ ਵਾਇਰਸ ਸਿਆਸੀ ਵਲਗਣਾਂ ਹੱਦਾਂ-ਸਰਹੱਦਾਂ ਨੂੰ ਨਹੀਂ ਮੰਨਦਾ, ਕਿਉਂਕਿ ਰੋਜ਼ਾਨਾ ਲੱਖਾਂ ਹੀ ਲੋਕ ਇਕ-ਦੂਜੇ ਸੂਬੇ ਦੀਆਂ ਸਰਹੱਦਾਂ ਟੱਪ ਕੇ ਇਧਰ ਤੋਂ ਉੱਧਰ ਜਾਂਦੇ ਹਨ, ਕਿਉਂਕਿ ਸਾਨੂੰ ਇਸ ਵਾਇਰਸ ਤੇ ਇਸ ਦੇ ਵੱਖ ਵੱਖ ਰੂਪਾਂ ਦੇ ਸੁਭਾਅ ਦਾ ਹਾਲੇ ਵੀ ਪੂਰੀ ਤਰ੍ਹਾਂ ਪਤਾ ਨਹੀਂ ਅਤੇ ਸਾਨੂੰ ਇਹ ਵੀ ਇਲਮ ਨਹੀਂ ਕਿ ਇਹ ਕਿਉਂ ਕੁਝ ਅਣਕਿਆਸੇ ਤੇ ਅਣਦੱਸੇ ਤਰੀਕਿਆਂ ਨਾਲ ਵਿਹਾਰ ਕਰਦਾ ਹੈ। ਇਸ ਹਾਲਾਤ ਵਿਚ ਕੀ ਇਹ ਜ਼ਿਆਦਾ ਸਹੀ ਨਹੀਂ ਕਿ ਜੇ ਇਸ ਦੀ ਲਾਗ ਦੇ ਖ਼ਤਰੇ ਨੂੰ ਪੂਰੀ ਤਰ੍ਹਾਂ ਖ਼ਤਮ ਵੀ ਨਹੀਂ ਕਰ ਸਕਦੇ, ਤਾਂ ਵੀ ਇਸ ਨੂੰ ਘਟਾਉਣ ਲਈ ਬਚਾਉ ਪ੍ਰਬੰਧ ਅਪਨਾਏ ਜਾਣ?

ਸਾਨੂੰ ਉਦੋਂ ਲਾਸਾਨੀ ਦ੍ਰਿਸ਼ ਦੇਖਣ ਨੂੰ ਮਿਲੇ ਜਦੋਂ ਹਰਿਦੁਆਰ ਵਿਖੇ ਗੰਗਾ ਦੇ ਕੰਢਿਆਂ ਉਤੇ ਕੁੰਭ ਮੇਲੇ ਲਈ ਲੱਖਾਂ ਲੋਕ ਇਕੱਤਰ ਹੋਏ ਸਨ। ਇਹ ਲੱਖਾਂ ਹੀ ਲੋਕ ਸਾਰੇ ਹੀ ਦੇਸ਼ ਵਿਚੋਂ ਵਹੀਰਾਂ ਘੱਤ ਕੇ ਆ ਰਹੇ ਸਨ ਅਤੇ ਮੇਲੇ ਵਿਚ ਸ਼ਿਰਕਤ ਕਰਨ ਤੋਂ ਬਾਅਦ ਮੁੜ ਆਪਣੇ ਪਿੰਡਾਂ-ਸ਼ਹਿਰਾਂ ਨੂੰ ਪਰਤ ਰਹੇ ਸਨ ਅਤੇ ਇਨ੍ਹਾਂ ਵਿਚੋਂ ਬਹੁਤ ਸਾਰੇ ਆਪਣੇ ਨਾਲ ਵਾਇਰਸ ਦੀ ਲਾਗ ਵੀ ਲਿਜਾ ਰਹੇ ਸਨ। ਇਹ ਬਦਲੇ ਵਿਚ ਵਿਆਪਕ ਪੱਧਰ ਤੇ ਵਾਇਰਸ ਫੈਲਾਉਣ ਵਾਲਾ ਮੇਲਾ ਸੀ। ਇਸ ਮੇਲੇ ਦੀ ਇਜਾਜ਼ਤ ਕਿਉਂ ਦਿੱਤੀ ਗਈ? ਕਿਉਂ ਇਸ ਸੂਬੇ (ਉੱਤਰਾਖੰਡ) ਦੀ ਸਰਕਾਰ ਸ਼ਰਧਾਲੂਆਂ ਨੂੰ ਮੇਲੇ ਵਿਚ ਹਰਿਦੁਆਰ ਆਉਣ ਦੇ ਸੱਦੇ ਦੇ ਰਹੀ ਸੀ। ਇਹੀ ਨਹੀਂ, ਨਾਲ ਇਹ ਭਰੋਸਾ ਵੀ ਦਿੱਤਾ ਜਾ ਰਿਹਾ ਸੀ ਕਿ ਪਵਿੱਤਰ ਗੰਗਾ ਵਿਚ ਲਾਈ ਡੁਬਕੀ ਹੀ ਤੁਹ-ੜੇ ਜਨਮਾਂ-ਜਨਮਾਂਤਰਾਂ ਦੇ ਪਾਪ ਧੋ ਦੇਵੇਗੀ ਪਰ ਕੀ ਇੰਝ ਵਾਇਰਸ ਵੀ ਧੋਤਾ ਜਾਣਾ ਸੀ? ਕੀ ਅੱਜ ਦੇ ਜ਼ਮਾਨੇ ਵਿਚ ਅਜਿਹੇ ਅੰਧਵਿਸ਼ਵਾਸ ਦਾ ਪ੍ਰਚਾਰ ਬਰਦਾਸ਼ਤ ਕੀਤਾ ਜਾ ਸਕਦਾ ਹੈ? ਹਾਲਾਂਕਿ ਬਾਅਦ ਵਿਚ ਪ੍ਰਧਾਨ ਮੰਤਰੀ ਨੇ ਧਾਰਮਿਕ ਆਗੂਆਂ ਨੂੰ ਅਪੀਲ ਕੀਤੀ ਕਿ ਇਸ ਸਮਾਗਮ ਨੂੰ ਸੰਕੇਤਕ ਤੌਰ ਤੇ ਹੀ ਮਨਾਇਆ ਜਾਵੇ ਪਰ ਇਸ ਦੇ ਬਾਵਜੂਦ ਭੀੜਾਂ ਕੁੰਭ ਮੇਲੇ ਲਈ ਤੁਰੀਆਂ ਰਹੀਆਂ ਅਤੇ ਕੋਈ ਵੀ ਅਧਿਕਾਰੀ ਉਨ੍ਹਾਂ ਨੂੰ ਰੋਕਣ ਵਾਲਾ ਨਹੀਂ ਸੀ ਸਗੋਂ ਹੱਲਾਸ਼ੇਰੀ ਦੇਣ ਵਾਲੇ ਸਨ। ਅੱਜ ਉੱਤਰਾਖੰਡ, ਕਰੋਨਾ ਤੋਂ ਸਭ ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਸੂਬਿਆਂ ਵਿਚ ਸ਼ੁਮਾਰ ਹੈ। ਅਜਿਹੇ ਸਿਰੇ ਦੇ ਗ਼ੈਰਜ਼ਿੰਮੇਵਾਰਾਨਾ ਰਵੱਈਏ ਲਈ ਕੌਣ ਜ਼ਿੰਮੇਵਾਰ ਹੈ, ਖਾਸਕਰ ਜਾਣ-ਬੁੱਝ ਕੇ ਲੱਖਾਂ ਲੋਕਾਂ ਦੀਆਂ ਦੀਆਂ ਜਾਨਾਂ ਨੂੰ ਖ਼ਤਰੇ ਵਿਚ ਪਾਉਣ ਲਈ? ਸੂਬਾ ਸਰਕਾਰ ਨੂੰ ਇਨ੍ਹਾਂ ਗਰਮੀਆਂ ਵਿਚ ਹੋਣ ਵਾਲੀ ਚਾਰ ਧਾਮ ਯਾਤਰਾ ਮੁਲਤਵੀ ਕਰਨੀ ਚਾਹੀਦੀ ਹੈ, ਜਿਵੇਂ ਜੰਮੂ ਕਸ਼ਮੀਰ ਨੇ ਅਮਰਨਾਥ ਤੇ ਵੈਸ਼ਨੋ ਦੇਵੀ ਯਾਤਰਾਵਾਂ ਰੋਕ ਦਿੱਤੀਆਂ ਹਨ।

ਇਸ ਸੰਕਟ ਦਾ ਸਭ ਤੋਂ ਵੱਧ ਹੌਸਲਾ ਵਧਾਊ ਪੱਖ ਇਹ ਹੈ ਕਿ ਇਸ ਦੌਰਾਨ ਕਿਵੇਂ ਦੇਸ਼ ਦੇ ਆਮ ਲੋਕ, ਸਥਾਨਕ ਭਾਈਚਾਰੇ ਅਤੇ ਗ਼ੈਰ ਸਰਕਾਰੀ ਸੰਸਥਾਵਾਂ (ਐਨਜੀਓਜ਼) ਆਦਿ ਪੀੜਤ ਲੋਕਾਂ ਦੀ ਮਦਦ ਲਈ ਅੱਗੇ ਆਏ ਅਤੇ ਆ ਰਹੇ ਹਨ। ਇਥੋਂ ਤੱਕ ਕਿ ਜਿਸ ਥਾਂ ਮੈਂ ਰਹਿੰਦਾ ਹਾਂ, ਉਥੇ ਵੀ ਮੈਡੀਕਲ ਕੈਂਪ ਚੱਲ ਰਿਹਾ ਹੈ ਜਿਹੜਾ ਡਾਕਟਰਾਂ, ਹੋਰ ਪੇਸ਼ੇਵਰਾਂ ਅਤੇ ਆਮ ਚੰਗੇ ਲੋਕਾਂ ਨੇ ਲਾਇਆ ਹੋਇਆ ਹੈ। ਉਹ ਸੋਸ਼ਲ ਮੀਡੀਆ ਦੀ ਵਰਤੋਂ ਕਰ ਰਹੇ ਹਨ ਤਾਂ ਕਿ ਪੀੜਤਾਂ ਤੇ ਲੋੜਵੰਦਾਂ ਤੱਕ ਮਦਦ ਪਹੁੰਚਾਈ ਜਾ ਸਕੇ। ਦੂਜੇ ਪਾਸੇ ਸਰਕਾਰ ਜੇ ਇਨ੍ਹਾਂ ਲੋਕਾਂ ਦੀ ਕਿਸੇ ਤਰ੍ਹਾਂ ਮਦਦ ਵੀ ਨਹੀਂ ਕਰ ਸਕਦੀ ਤਾਂ ਉਹ ਇਨ੍ਹਾਂ ਦੇ ਰਾਹ ਵਿਚ ਕੋਈ ਰੁਕਾਵਟ ਪਾਉਣੀ ਹੀ ਬੰਦ ਕਰ ਦੇਵੇ ਤਾਂ ਉਹ ਵੀ ਵੱਡੀ ਮਦਦ ਹੋ ਸਕਦੀ ਹੈ। ਉਲਟਾ ਹਾਲਤ ਇਹ ਹੈ ਕਿ ਜਿਹੜੇ ਲੋਕ ਸੋਸ਼ਲ ਮੀਡੀਆ ਉਤੇ ਇਸ ਸਾਰੇ ਹਾਲਾਤ ਪ੍ਰਤੀ ਆਪਣੀ ਨਿਰਾਸ਼ਾ ਜ਼ਾਹਰ ਕਰ ਰਹੇ ਹਨ, ਜਾਂ ਫਿਰ ਮਦਦ ਲਈ ਅਪੀਲਾਂ ਕਰ ਰਹੇ ਹਨ, ਉਨ੍ਹਾਂ ਨੂੰ ਹੀ ਕਿਵੇਂ ਨਾ ਕਿਵੇਂ ਚੁੱਪ ਕਰਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਹਨ ਜੋ ਜ਼ਖ਼ਮਾਂ ਉਤੇ ਲੂਣ ਛਿੜਕਣ ਵਾਲੀ ਗੱਲ ਹੈ। ਇਹ ਸੰਕਟ ਇੰਨਾ ਵਿਸ਼ਾਲ ਤੇ ਵਿਆਪਕ ਹੈ ਕਿ ਇਸ ਨੂੰ ਲੁਕਾਉਣ ਦੀ ਕੋਈ ਵੀ ਕੋਸ਼ਿਸ਼ ਕਾਮਯਾਬ ਨਹੀਂ ਹੋਵੇਗੀ। ਜ਼ਮੀਨੀ ਹਕੀਕਤਾਂ ਲਗਾਤਾਰ ਰਿਆਸਤ/ਸਟੇਟ ਦੀ ਸ਼ਹਿ ਉਤੇ ਮੀਡੀਆ ਵੱਲੋਂ ਸਿਰਜੇ ਬਿਰਤਾਂਤਾਂ ਦਾ ਮੂੰਹ ਚਿੜਾਉਂਦੀਆਂ ਰਹਿਣਗੀਆਂ। ਜਦੋਂ ਸਾਡੇ ਚੌਗਿਰਦੇ ਵਿਚ ਹਾਹਾਕਾਰ ਮੱਚੀ ਹੋਈ ਹੈ, ਤ੍ਰਾਹ ਤ੍ਰਾਹ ਹੋ ਰਹੀ ਹੈ, ਉਸ ਦੌਰਾਨ ਖ਼ਿਆਲੀ ਸਬਜ਼ਬਾਗ਼ ਬਣਾਉਣੇ ਤੇ ਦਿਖਾਉਣੇ, ਸਾਡੇ ਸਰਕਾਰ ਚਲਾਉਣ ਵਾਲੇ ਅਦਾਰਿਆਂ ਦੀ ਮਾੜੀ-ਮੋਟੀ ਬਚੀ-ਖੁਚੀ ਸਾਖ਼ ਨੂੰ ਵੀ ਮਿੱਟੀ ਵਿਚ ਮਿਲਾ ਰਹੇ ਹਨ।

ਸਾਨੂੰ ਇਹ ਗੱਲ ਤਸਲੀਮ ਕਰ ਲੈਣੀ ਚਾਹੀਦੀ ਹੈ ਕਿ ਅਸੀਂ ਭਿਆਨਕ ਸੰਕਟ ਦਾ ਸਾਹਮਣਾ ਕਰ ਰਹੇ ਹਾਂ। ਆਮ ਤੇ ਖ਼ਾਸ, ਦੋਵੇਂ ਤਰ੍ਹਾਂ ਦੇ ਲੋਕਾਂ ਨੂੰ ਸਖ਼ਤ ਮਦਦ ਦੀ ਲੋੜ ਹੈ। ਸਾਨੂੰ ਹਲੀਮੀ ਨਾਲ ਮਦਦ ਮੰਗ ਲੈਣੀ ਚਾਹੀਦੀ ਹੈ ਤੇ ਇਹ ਜਿਥੋਂ ਕਿਤੋਂ ਵੀ ਮਿਲੇ, ਲੈਣ ਤੋਂ ਗੁਰੇਜ਼ ਨਹੀਂ ਕਰਨਾ ਚਾਹੀਦਾ। ਸਾਡੇ ਦੁਨੀਆ ਭਰ ਵਿਚਲੇ ਸਫ਼ੀਰਾਂ ਨੂੰ ਇਸ ਇਕੋ ਟੀਚੇ ਵੱਲ ਧਿਆਨ ਦੇਣ ਲਈ ਆਖਿਆ ਜਾਣਾ ਚਾਹੀਦਾ ਹੈ। ਇਨ੍ਹਾਂ ਵਿਚੋਂ ਕੁਝ ਤਾਂ ਪਹਿਲਾਂ ਹੀ ਇਹ ਕੰਮ ਵਧੀਆ ਢੰਗ ਨਾਲ ਕਰ ਰਹੇ ਹਨ ਅਤੇ ਮੈਂ ਉਨ੍ਹਾਂ ਦੀਆਂ ਕੋਸ਼ਿਸ਼ਾਂ ਦੀ ਸ਼ਲਾਘਾ ਕਰਦਾ ਹਾਂ। ਭਾਰਤ ਦੀ ਬਾਹਰੀ ਦਿੱਖ ਨੂੰ ਝਾੜ-ਪੂੰਝ ਕੇ ਵਧੀਆ ਬਣਾਉਣ ਅਤੇ ਇਸ ਦੇ ਆਗੂ ਦੀਆਂ ਝੂਠੀਆਂ ਤਾਰੀਫ਼ਾਂ ਦੇ ਸੋਹਲੇ ਗਾਉਣ ਤੋਂ ਹਾਲੇ ਕੁਝ ਦਿਨ ਰੁਕ ਜਾਣਾ ਹੀ ਬਿਹਤਰ ਰਹੇਗਾ।

**ਸ਼ਿਆਮ ਸਰਨ**

***ਲੇਖਕ ਸਾਬਕਾ ਵਿਦੇਸ਼ ਸਕੱਤਰ ਅਤੇ ਸੈਂਟਰ ਫਾਰ ਪਾਲਿਸੀ ਰਿਸਰਚ ਦਾ ਸੀਨੀਅਰ ਫੈਲੋ ਹੈ।**

# ਪਾਕਿਸਤਾਨ ਵਿਚ ਵਧ ਰਿਹਾ ਮਜ਼ਹਬੀ ਤਣਾਅ

19ਵੀਂ ਸਦੀ ਵਿਚ ਅਜੋਕੇ ਭਾਰਤੀ ਖੇਤਰਾਂ ਵਿਚ ਉੱਭਰੇ ਇਸਲਾਮ ਦੇ ਦੋ ਮੁੱਖ ਸਕੂਲਾਂ (ਵਿਚਾਰਕ ਪੱਧਤੀਆਂ) ਨੂੰ ਰਵਾਇਤੀ ਤੌਰ 'ਤੇ ਦਿਓਬੰਦੀ ਅਤੇ ਬਰੇਲਵੀ ਨਾਵਾਂ ਨਾਲ ਪੁਕਾਰਿਆ ਜਾਂਦਾ ਹੈ। ਦਿੱਲੀ ਵਿਚ ਮੁਗ਼ਲ ਰਾਜ ਦੇ ਪਤਨ ਤੋਂ ਬਾਅਦ ਅੰਗਰੇਜ਼ਾਂ ਦੇ ਚਲਾਏ ਦਮਨ ਚੱਕਰ ਕਾਰਨ ਬਹੁਤ ਸਾਰੇ ਮੁਸਲਿਮ ਮੌਲਾਣੇ ਅਤੇ ਦਾਨਿਸ਼ਵਰ ਉੱਥੋਂ ਦੌੜ ਗਏ ਸਨ ਜਿਨ੍ਹਾਂ ਦੀਆਂ ਘਾਲਣਾਵਾਂ ਸਦਕਾ ਇਹ ਦੋ ਸੰਪਰਦਾਵਾਂ ਉਭਰ ਕੇ ਸਾਹਮਣੇ ਆਈਆਂ ਸਨ। ਅਫ਼ਗਾਨਿ-ਸਤਾਨ ਦੇ ਸਾਰੇ ਪਖ਼ਤੂਨਾਂ ਦੇ ਪ੍ਰਭਾਵ ਸਦਕਾ ਪਾਕਿ-ਸਤਾਨ ਦੇ ਖ਼ੈਬਰ ਪਖ਼ਤੂਨਖਵਾ ਪ੍ਰਾਂਤ ਅੰਦਰ ਵਿਆ-ਪਕ ਪੱਧਰ ਤੇ ਦਿਓਬੰਦੀ ਰਹੁ-ਰੀਤਾਂ ਅਪਣਾਈਆਂ ਜਾਂਦੀਆਂ ਹਨ। ਪਾਕਿਸਤਾਨ ਅਤੇ ਅਫ਼ਗਾਨਿਸਤਾਨ ਦੇ ਪਖ਼ਤੂਨਾਂ ਅੰਦਰ ਦਿਓਬੰਦੀਆਂ ਨੇ ਧਾਂਕ ਜਮਾਈ ਹੋਈ ਹੈ। ਸਭ ਤੋਂ ਅਹਿਮ ਪੱਖ ਇਹ ਹੈ ਕਿ ਬਰੇਲਵੀ ਬਰੇ-ਸਗ਼ੀਰ ਅੰਦਰ ਹੀ ਆਪਣੇ ਦਬਦਬੇ ਤੋਂ ਸੰਤੁਸ਼ਟ ਹਨ ਜਦਕਿ ਦਿਓਬੰਦੀਆਂ ਨੇ 19ਵੀਂ ਸਦੀ ਵਿਚ ਸਾਊਦੀ ਅਰਬ ਤੱਕ ਪਹੁੰਚ ਬਣਾ ਲਈ ਸੀ। ਇਸ ਪਹਿਲਕਦਮੀ ਦਾ ਦਿਓਬੰਦੀਆਂ ਨੂੰ ਚੋਖਾ ਲਾਭ ਹੋਇਆ ਤੇ ਦਿਓਬੰਦੀ ਅਦਾਰਿਆਂ ਨੂੰ ਸਾਊਦੀ ਅਰਬ ਤੋਂ ਭਰਵੀਂ ਮਾਇਕ ਇਮਦਾਦ ਮਿਲਦੀ ਰਹੀ ਹੈ। ਭਾਰਤ ਦੇ ਦਿਓਬੰਦੀ ਆਗੂਆਂ ਦਾ ਕੀਤਾ ਬਹੁਤ ਦੂਰਅੰਦੇਸ਼ ਫ਼ੈਸਲਾ ਇਹ ਸੀ ਕਿ ਉਨ੍ਹਾਂ ਮਹਾਤਮਾ ਗਾਂਧੀ ਦੀ ਅਗਵਾਈ ਹੇਠ ਲੜੀ ਜਾ ਰਹੀ ਆਜ਼ਾਦੀ ਦੀ ਲੜਾਈ ਦੀ ਹਮਾਇਤ ਕਰਦਿਆਂ ਭਾਰਤ ਦੇ ਧਰਮ ਨਿਰਪੱਖ ਅਸੂਲਾਂ ਨਾਲ ਸਾਂਝ ਪੈਦਾ ਕਰ ਲਈ। ਦਿਓਬੰਦੀਆਂ ਦੇ ਅਧਿਐਨ ਅਤੇ ਸਿੱਖਿਆ ਦਾ ਮੁੱਖ ਕੇਂਦਰ ਉੱਤਰ ਪ੍ਰਦੇਸ਼ ਦੇ ਦਿਓਬੰਦ ਵਿਚ ਸਥਿਤ ਦਾਰੁਲ ਉਲੂਮ ਰਿਹਾ ਹੈ। ਹਾਲਾਂਕਿ ਬਰੇਲਵੀਆਂ ਦੀ ਲੀਡਰਸ਼ਿਪ ਦਾ ਇਕ ਹਿੱਸਾ ਸ਼ੁਰੂ ਸ਼ੁਰੂ ਵਿਚ ਪਾਕਿਸਤਾਨ ਚ ਰਹਿੰਦੇ ਆਪਣੇ ਦਿਓਬੰਦੀਆਂ ਹਮਵਤਨੀਆਂ ਨਾਲ ਵਿਚਾਰਾਂ ਦੀ ਸਾਂਝ ਰੱਖਦਾ ਸੀ ਪਰ ਅੰਤ ਨੂੰ ਉਨ੍ਹਾਂ ਵੀ ਦੇਸ਼ ਵੰਡ ਦੇ ਵਿਚਾਰ ਦੀ ਹਮਾਇਤ ਕਰਨੀ ਸ਼ੁਰੂ ਕਰ ਦਿੱਤੀ। 3 ਨਵੰਬਰ 2009 ਨੂੰ ਦਿਓਬੰਦੀ ਵਿਦਵਾਨਾਂ ਦੇ ਇਕ ਗਰੁੱਪ ਜਮੀਅਤ-ਏ-ਉਲੇਮਾ-ਏ-ਹਿੰਦ ਜੋ ਭਾਰਤ ਵਿਚ ਮੁਸਲਮਾਨਾਂ ਦੀ ਭਲਾਈ ਦੇ ਕੰਮਾਂ ਲਈ ਪ੍ਰਤੀਬੱਧ ਹੈ, ਨੇ ਦਿਓਬੰਦ ਵਿਚ ਮੀਟਿੰਗ ਕਰ ਕੇ ਨਿਰਦੋਸ਼ ਲੋਕਾਂ ਨੂੰ ਨਿਸ਼ਾਨਾ ਬਣਾ ਕੇ ਕੀਤੇ ਜਾਂਦੇ ਆਤਮਘਾਤੀ ਬੰਬ ਧਮਾਕਿਆਂ ਅਤੇ ਹਮਲਿਆਂ ਦੀ ਨਿਖੇਧੀ ਕੀਤੀ ਸੀ। ਇਹ ਰਾਜਕੀ ਨੀਤੀ ਦੇ ਔਜ਼ਾਰ ਦੇ ਤੌਰ ਤੇ ਦਹਿਸ਼ਤਗਰਦੀ ਦੀ ਵਰਤੋਂ ਕਰਨ ਦੀ ਪਾਕਿਸਤਾਨੀ ਟੇਕ ਦੀ ਸਿੱਧੀ ਨੁਕਤਾਚੀਨੀ ਕਰਨ ਦੇ ਤੁੱਲ ਸੀ।




ਪਾਕਿਸਤਾਨ ਦੇ ਪੰਜਾਬ ਸੂਬੇ ਵਿਚ ਵਸਦੀ ਬਰੇਲਵੀ ਆਬਾਦੀ ਨੂੰ ਜਾਪਿਆ ਕਿ ਉਸ ਕੋਲ ਕੰਮ ਕਰਨ ਦੀ ਸਿਆਸੀ ਸਪੇਸ ਘੱਟ ਹੈ। ਜਨਰਲ ਜ਼ਿਆ-ਉਲ-ਹੱਕ ਦੇ ਦਿਨਾਂ ਤੋਂ ਲੈ ਕੇ ਫ਼ੌਜ ਲਸ਼ਕਰ-ਏ-ਤੋਇਬਾ ਅਤੇ ਜੈਸ਼-ਏ-ਮੁਹੰਮਦ ਜਿਹੇ ਗਰੁਪਾਂ ਨੂੰ ਹਮਾਇਤ ਦਿੰਦੀ ਰਹੀ ਹੈ ਤੇ ਇਹ ਦੋਵੇਂ ਗਰੁਪ ਮੁੱਖ ਤੌਰ ਤੇ ਪੰਜਾਬ ਵਿਚ ਕੇਂਦਰਤ ਹਨ ਤੇ ਇਹ ਫ਼ੌਜੀ ਨਿਜ਼ਾਮ ਨਾਲ ਮਿਲ ਕੰਮ ਕਰਦੇ ਹਨ। ਜੈਸ਼-ਏ-ਮੁਹੰਮਦ ਨੇ 2009 ਵਿਚ ਭਾਰਤੀ ਪਾਰਲੀਮੈਂਟ ਤੇ ਹਮਲਾ ਕਰਵਾਇਆ ਸੀ ਜਦਕਿ ਮੁੰਬਈ ਹਮਲਿਆਂ ਪਿੱਛੇ ਮੁੱਖ ਤੌਰ ਤੇ ਲਸ਼ਕਰ-ਏ-ਤੋਇਬਾ ਦਾ ਹੱਥ ਸੀ। ਆਈਐੱਸਆਈ ਅਫ਼ਗਾਨਿਸਤਾਨ ਵਿਚ ਇਨ੍ਹਾਂ ਦੋਵੇਂ ਗਰੁਪਾਂ ਲਈ ਦਾਈ ਦਾ ਕੰਮ ਕਰਦੀ ਰਹੀ ਹੈ। ਬਰੇਲਵੀਆਂ ਨੂੰ ਛੇਤੀ ਹੀ ਅਹਿਸਾਸ ਹੋ ਗਿਆ ਕਿ ਪਾਕਿਸਤਾਨੀ ਪੰਜਾਬ ਵਿਚ ਆਪਣੇ ਪ੍ਰਭਾਵ ਤੇ ਸਿਆਸੀ ਹਮਾਇਤ ਦੇ ਬਾਵਜੂਦ ਪਾਕਿਸਤਾਨ ਵਿਚ ਉਨ੍ਹਾਂ ਦੀ ਸਿਆਸੀ ਪ੍ਰਸੰਗਕਤਾ ਘਟ ਰਹੀ ਹੈ। ਅਫ਼ਗਾਨਿਸਤਾਨ ਵਿਚ ਸੋਵੀਅਤ ਰੂਸ ਦੇ ਹਮਲੇ ਤੋਂ ਲੈ ਕੇ ਪਖ਼ਤੂਨਾਂ ਜੋ ਮੁੱਖ ਤੌਰ ਤੇ ਦਿਓਬੰਦੀ ਹਨ, ਨੇ ਆਈਐੱਸਆਈ ਹੀ ਨਹੀਂ ਸਗੋਂ ਬਾਕੀ ਦੁਨੀਆ ਦਾ ਧਿਆਨ ਖਿੱਚ ਲਿਆ ਤੇ ਹਮਾਇਤ ਹਾਸਲ ਕਰ ਲਈ ਸੀ। ਤਾਲਿਬਾਨ ਕੋਲ ਦਿਓਬੰਦੀ ਪੁਖ਼ਤਗੀ ਪਹਿਲਾਂ ਤੋਂ ਮੌਜੂਦ ਸੀ ਅਤੇ ਉਹ ਲਸ਼ਕਰ-ਏ-ਤੋਇਬਾ ਅਤੇ ਜੈਸ਼-ਏ-ਮੁਹੰਮਦ ਜਿਹੇ ਵਹਾਬੀ ਗਰੁਪਾਂ ਨਾਲ ਮਿਲ ਕੇ ਕੰਮ ਕਰ ਰਹੇ ਸਨ।

ਜਦੋਂ ਜਨਰਲ ਜ਼ਿਆ-ਉਲ-ਹੱਕ ਨੇ ਪ੍ਰਧਾਨ ਮੰਤਰੀ ਜ਼ੁਲਫ਼ਿਕਾਰ ਅਲੀ ਭੁੱਟੋ ਦਾ ਤਖ਼ਤਾ ਉਲਟਾ ਕੇ ਉਨ੍ਹਾਂ ਨੂੰ ਫ਼ਾਂਸੀ ਦਿੱਤੀ, ਉਦੋਂ ਤੋਂ ਹੀ ਪਾਕਿਸਤਾਨ ਦੇ ਉੱਤਰ ਪੱਛਮੀ ਖਿੱਤੇ ਅਤੇ ਦੱਖਣੀ ਅਫ਼ਗਾਨਿ-ਸਤਾਨ ਵਿਚਲੇ ਦਿਓਬੰਦੀ ਪਖ਼ਤੂਨ ਉਸ (ਜ਼ਿਆ) ਦੇ ਸੁਭਾਵਿਕ ਸਹਿਯੋਗੀ ਬਣ ਗਏ। ਜ਼ਿਆ ਨੇ ਸਿਆ-ਸਤ ਦੇ ਇਸਲਾਮੀਕਰਨ ਦਾ ਨਵਾਂ ਗੇੜ ਚਲਾਇਆ। ਉਨ੍ਹਾਂ ਪਾਕਿਸਤਾਨ ਵਿਚ ਕੱਟੜਪੰਥੀ ਇਸਲਾਮੀ ਅਨਸਰਾਂ ਖਾਸਕਰ ਪੰਜਾਬ ਤੇ ਸਿੰਧ ਵਿਚ ਜਮਾਤ-ਏ-ਇਸਲਾਮੀ ਅਤੇ ਉੱਤਰ ਵਿਚ ਪਖ਼ਤੂਨ ਦਿਓਬੰਦੀਆਂ ਨਾਲ ਕਰੀਬੀ ਰਿਸ਼ਤੇ ਕਾਇਮ ਕਰ ਲਏ। ਤਦ ਸੋਵੀਅਤ ਰੂਸ ਨੇ ਅਫ਼ਗਾਨਿਸਤਾਨ ਤੇ ਹਮਲਾ ਕਰਨ ਦੀ ਭੁੱਲ ਕਰ ਦਿੱਤੀ ਜਿਸ ਨਾਲ ਅਮਰੀਕਾ ਨੂੰ ਪਾਕਿਸਤਾਨ ਦੇ ਕਰੀਬ ਜਾਣ ਦਾ ਮੌਕਾ ਮਿਲ ਗਿਆ ਤਾਂ ਕਿ ਸੋਵੀਅਤ ਫ਼ੌਜਾਂ ਖਿਲਾਫ਼ ਦਿਓਬੰਦੀ ਜਹਾਦ ਵਿੱਢਿਆ ਜਾ ਸਕੇ। ਪਾਕਿਸਤਾਨ ਦੀਆਂ ਵਹਾਬੀ ਜਥੇਬੰਦੀਆਂ ਵੀ ਅਫ਼ਗਾਨਿਸਤਾਨ ਦੇ ਇਸ ਜਹਾਦ ਵਿਚ ਸ਼ਾਮਲ ਹੋ ਗਈਆਂ। ਆਈਐੱਸਆਈ ਨੇ ਜੰਮੂ ਕਸ਼ਮੀਰ ਵਿਚ ਜਮਾਤ-ਏ-ਇਸਲਾਮੀ ਨਾਲ ਸੰਪਰਕ ਕਾਇਮ ਕਰ ਲਏ ਅਤੇ ਇਸ ਦਿਓਬੰਦੀ ਪੱਖੀ ਸ਼ਕਤੀ ਨੂੰ ਜੰਮੂ ਕਸ਼ਮੀਰ ਵਿਚ ਜਹਾਦ ਸ਼ੁਰੂ ਕਰਨ ਲਈ ਵਰਤਿਆ। ਲਸ਼ਕਰ-ਏ-ਤੋਇਬਾ ਅਤੇ ਜੈਸ਼-ਏ-ਮੁਹੰਮਦ, ਦੋਵੇਂ ਦਿਓਬੰਦੀ ਪੱਖੀ ਅਤੇ ਪੱਛਮ ਵਿਰੋਧੀ ਜਥੇਬੰਦੀਆਂ ਹਨ। ਉਨ੍ਹਾਂ ਦਾ ਤਾਲਿਬਾਨ ਨਾਲ ਵਿਚਾਰਧਾਰਕ ਰਿਸ਼ਤਾ ਵੀ ਹੈ।

ਬਰੇਲਵੀ ਸੰਪਰਦਾ ਵਲੋਂ ਇਸਲਾਮ ਦੇ ਪੈਗ਼ੰਬਰ ਦੀ ਬੰਦਗੀ ਕਰਨ ਦੀਆਂ ਰਹੁ-ਰੀਤਾਂ ਕਰ ਕੇ ਸਾਊਦੀ ਅਰਬ ਇਸ ਨੂੰ ਤਿਰਸਕਰਦਾ ਹੈ। ਜਦੋਂ ਉਹ ਮਦੀਨੇ ਅਤੇ ਹੋਰ ਥਾਈਂ ਆਪਣੇ ਪਾਕ-ਪਵਿੱਤਰ ਸਥਾਨਾਂ ਤੇ ਪੈਗ਼ੰਬਰ ਦੀ ਪੂਜਾ ਦੀਆਂ ਇਨ੍ਹਾਂ ਮਰਿਆਦਾਵਾਂ ਦੀ ਪਾਲਣਾ ਕਰਦੇ ਹਨ ਤਾਂ ਸਾਊਦੀ ਉਨ੍ਹਾਂ ਨਾਲ ਸਖ਼ਤੀ ਵਰਤਦੇ ਹਨ। ਪਾਕਿਸਤਾਨ ਦੇ 'ਫ਼ਾਈਡੇ ਟਾਈਮਜ਼' ਅਖ਼ਬਾਰ ਦੇ ਸੰਪਾਦਕ ਨਜਮ ਸੇਠੀ ਮੁਤਾਬਕ, "ਪਾਕਿਸਤਾਨ ਖਾਸਕਰ ਪੰਜਾਬ ਸੂਬੇ ਦੇ ਬਰੇਲਵੀਆਂ ਨੇ ਦੇਸ਼ ਤੇ ਵਿਦੇਸ਼ ਵਿਚ ਮੁਸਲਮਾਨਾਂ ਤੇ ਗ਼ੈਰ ਮੁਸਲਮਾਨਾਂ ਵੱਲੋਂ ਇਸਲਾਮ ਦੇ ਪੈਗ਼ੰਬਰ ਦੀ ਕੁਫ਼ਰ ਤੋਂ ਰਾਖੀ ਕਰਨ ਲਈ ਮਜ਼ਹਬੀ ਕੱਟੜਤਾ ਦੀਆਂ ਕਾਰਵਾਈਆ ਰਾਹੀਂ ਆਪਣੀ ਨੁਕਤਾਚੀਨੀ ਦਾ ਜਵਾਬ ਦਿੱਤਾ ਹੈ।" ਉਂਜ ਇਸ ਦੇ ਸਿੱਟੇ ਵਜੋਂ ਸਿਆਸਤ ਮੁਖੀ ਮਿਲੀਟੈਂਟ ਜਥੇਬੰਦੀ 'ਤਹਿਰੀਕ-ਏ-ਲਬੈਕ' ਪਾਕਿਸਤਾਨ ਉਭਰ ਕੇ ਸਾਹਮਣੇ ਆਈ ਹੈ ਜਿਸ ਦਾ ਪੰਜਾਬ ਸੂਬੇ ਦੇ ਕਸਬਿਆਂ ਤੇ ਪਿੰਡਾਂ ਅੰਦਰ ਤੇਜ਼ੀ ਨਾਲ ਪਾਸਾਰ ਹੋਇਆ ਹੈ ਤੇ ਇਹ ਧਾਰਮਿਕ ਅਸਹਿਣਸ਼ੀਲਤਾ ਦਾ ਪ੍ਰਚਾਰ ਕਰਦੀ ਹੈ।

ਤਹਿਰੀਕ-ਏ-ਲਬੈਕ (ਟੀਐੱਲਪੀ) ਪਾਕਿ-ਸਤਾਨ ਹੱਥੋਂ ਪਹਿਲੀ ਪੀੜਤ ਪੰਜਾਬੀ ਹਿੰਦੂ ਔਰਤ ਆਸੀਆ ਨੌਰੀਨ ਜੋ ਆਸੀਆ ਬੀਬੀ ਵਜੋਂ ਜਾਣੀ ਜਾਂਦੀ ਹੈ, ਬਣੀ ਸੀ ਜਿਸ ਨੂੰ ਪੈਗ਼ੰਬਰ ਮੁਹੰਮਦ ਖ਼ਿਲਾਫ਼ ਕਥਿਤ ਤੌਰ ਤੇ ਅਪਮਾਨਜਨਕ ਟਿੱਪਣੀਆਂ ਕਰਨ ਬਦਲੇ ਕੁਫ਼ਰ ਦੀ ਦੋਸ਼ੀ ਕਰਾਰ ਦੇ ਕੇ ਮੌਤ ਦੀ ਸਜ਼ਾ ਸੁਣਾਈ ਗਈ ਸੀ। 2011 ਵਿਚ ਸੁਪਰੀਮ ਕੋਰਟ ਵਲੋਂ ਉਸ ਦੀ ਸਜ਼ਾ ਦਾ ਫ਼ੈਸਲਾ ਰੱਦ ਕਰ ਦਿੱਤਾ ਗਿਆ ਸੀ। ਉਸ ਤੋਂ ਤੁਰੰਤ ਬਾਅਦ ਉਸ ਨੂੰ ਕੈਨੇਡਾ ਭੇਜ ਦਿੱਤਾ ਗਿਆ ਸੀ। ਤਹਿਰੀਕ-ਏ-ਲਬੈਕ ਦਾ ਨਾਂ ਉਦੋਂ ਖਾਸਾ ਸਾਹਮਣਾ ਆਇਆ ਸੀ ਜਦੋਂ ਇਸ ਦੇ ਇਕ ਮੈਂਬਰ ਤੇ ਸੁਰੱਖਿਆ ਗਾਰਡ ਨੇ ਪੰਜਾਬ ਸੂਬੇ ਦੇ ਗਵਰਨਰ ਸਲਮਾਨ ਤਾਸੀਰ ਦੀ ਹੱਤਿਆ ਕਰ ਦਿੱਤੀ ਸੀ ਕਿਉਂਕਿ ਤਾਸੀਰ ਨੇ ਆਸੀਆ ਬੀਬੀ ਦੇ ਹੱਕ ਵਿਚ ਆਵਾਜ਼ ਉਠਾਈ ਸੀ ਤੇ ਉਸ ਨੂੰ ਤੁਰੰਤ ਰਿਹਾਅ ਕਰਨ ਦੀ ਮੰਗ ਕੀਤੀ ਸੀ। ਉਸ ਸੁਰੱਖਿਆ ਗਾਰਡ ਨੂੰ ਨਾਇਕ ਵਾਂਗ ਵਡਿਆਇਆ ਗਿਆ ਤੇ ਗਵਰਨਰ ਸਲਮਾਨ ਤਾਸੀਰ ਦੀ ਹੱਤਿਆ ਤੋਂ ਬਾਅਦ ਉਸ ਦੀ ਲੋਕਪ੍ਰਿਯਤਾ ਬਹੁਤ ਵਧ ਗਈ ਸੀ। ਟੀਐੱਲਪੀ ਦਾ ਪੰਜਾਬ ਸੂਬੇ ਅੰਦਰ ਕਾਫ਼ੀ ਜਨ ਆਧਾਰ ਬਣ ਚੁੱਕਿਆ ਹੈ। ਫਰਾਂਸ ਵਿਚ ਪੈਗ਼ੰਬਰ ਮੁਹੰਮਦ ਦੀ ਕਥਿਤ ਤੌਹੀਨ ਕਰ ਕੇ ਫਰਾਂਸੀਸੀ ਸਫ਼ੀਰਾਂ ਨੂੰ ਕੱਢਣ ਦੀ ਮੰਗ ਨੂੰ ਲੈ ਕੇ ਹਾਲ ਹੀ ਵਿਚ ਪੰਜਾਬ ਭਰ ਵਿਚ ਕੀਤੇ ਗਏ ਰੋਸ ਮੁਜ਼ਾਹਰਿਆਂ ਦੌਰਾਨ ਜਨ-ਜੀਵਨ ਠੱਪ ਹੋ ਗਿਆ ਸੀ।

ਫਾਇਨਾਂਸ਼ੀਅਲ ਐਕਸ਼ਨ ਟਾਸਕ ਫੋਰਸ ਦੀਆਂ ਪਾਬੰਦੀਆਂ ਅਤੇ ਅਮਰੀਕਾ ਤੇ ਇਸ ਦੇ ਯੂਰੋਪੀਅਨ ਸਹਿਯੋਗੀ ਮੁਲ਼ਕਾਂ ਵਲੋਂ ਕੀਤੀਆਂ ਸਖ਼ਤ ਕਾਰਵਾਈਆਂ ਕਰ ਕੇ ਪਾਕਿਸਤਾਨ ਨੂੰ ਲਸ਼ਕਰ-ਏ-ਤੋਇਬਾ ਅਤੇ ਜੈਸ਼-ਏ-ਮੁਹੰਮਦ ਜਿਹੇ ਗਰੁੱਪਾਂ ਦੀ ਮਦਦ ਘਟਾਉਣ ਲਈ ਮਜਬੂਰ ਹੋਣਾ ਪਿਆ ਹੈ। ਪਾਕਿਸਤਾਨ ਨੂੰ ਹੁਣ ਅਹਿਸਾਸ ਹੋ ਰਿਹਾ ਹੈ ਕਿ ਖਾਸਕਰ ਵੱਖ ਵੱਖ ਫ਼ਿਰਕਿਆਂ ਦਰਮਿਆਨ ਮਤਭੇਦਾਂ ਦੇ ਮੱਦੇਨਜ਼ਰ ਇਕੱਲੇ ਧਰਮ ਦੇ ਆਧਾਰ ਤੇ ਕਿਸੇ ਕੌਮ ਨੂੰ ਇਕਜੁੱਟ ਨਹੀਂ ਰੱਖਿਆ ਜਾ ਸਕਦਾ। ਉਂਜ, ਨਾ ਤਾਂ ਪਾਕਿਸਤਾਨ ਅੰਦਰ ਹਲਕੀ ਸ਼ਿੱਦਤ ਦਾ ਟਕਰਾਓ ਚਲਾ ਰਹੀ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ ਤੇ ਨਾ ਹੀ ਅਫ਼ਗਾਨਿਸਤਾਨ ਵਿਚਲੀ ਤਾਲਿਬਾਨ ਲੀਡਰਸ਼ਿਪ ਨੇ ਕਦੇ ਵੀ ਡੂਰੰਡ ਲਾਈਨ ਨੂੰ ਕੌਮਾਂਤਰੀ ਸਰਹੱਦ ਤਸਲੀਮ ਕੀਤਾ ਹੈ।

ਭਾਰਤ ਨੇ ਪਾਕਿਸਤਾਨ ਦੀ ਫ਼ੌਜੀ ਲੀਡਰਸ਼ਿਪ ਨਾਲ ਗੁਪਤ ਢੰਗ ਨਾਲ ਗੱਲਬਾਤ ਦੇ ਰਾਹ ਖੋਲ੍ਹ ਕੇ ਚੰਗਾ ਕੰਮ ਕੀਤਾ ਹੈ। ਇਸ ਦਾ ਸਿੱਟਾ ਇਹ ਨਿਕਲਿਆ ਹੈ ਕਿ ਜੰਮੂ ਕਸ਼ਮੀਰ ਵਿਚ ਅਸਲ ਕੰਟਰੋਲ ਰੇਖਾ ਦੇ ਆਰ-ਪਾਰ ਗੋਲੀਬੰਦੀ ਲਈ ਸਮਝੌਤਾ ਸਹੀਬੰਦ ਹੋ ਗਿਆ ਹੈ। ਇਸੇ ਦੌਰਾਨ, ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਭਾਰਤੀ ਖੇਤੀਬਾੜੀ ਵਸਤਾਂ ਦੀ ਦਰਾਮਦ ਖੋਲ੍ਹਣ ਦਾ ਉਹ ਪ੍ਰਸਤਾਵ ਰੱਦ ਕਰ ਦਿੱਤਾ ਹੈ ਜਿਸ ਦੀ ਪਹਿਲਾਂ ਉਹ ਤਾਈਦ ਕਰ ਚੁੱਕੇ ਸਨ। ਯਕੀਨਨ ਇਮਰਾਨ ਖ਼ਾਨ ਦੀ ਆਲਮੀ ਲੋਕਪ੍ਰਿਯਤਾ ਬਹੁਤ ਅੱਛੀ ਨਹੀਂ ਹੈ। ਦੁਨੀਆ ਨੇ ਇਹ ਗੱਲ ਨੋਟ ਕੀਤੀ ਹੈ ਕਿ ਇਹ ਜਨਰਲ ਬਾਜਵਾ ਹੀ ਸਨ ਜੋ ਪਿਛਲੇ ਹਫ਼ਤੇ ਸਾਊਦੀ ਸਲਤਨਤ ਦੇ ਵਾਰਸ ਪ੍ਰਿੰਸ ਨੂੰ ਪਹਿਲਾਂ ਮਿਲੇ ਸਨ ਤੇ ਫਿਰ ਉਨ੍ਹਾਂ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨਾਲ ਮੁਲਾਕਾਤ ਕੀਤੀ ਸੀ। ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਹਾਲੇ ਤੱਕ ਇਮਰਾਨ ਖ਼ਾਨ ਨੂੰ ਨਿੱਜੀ ਤੌਰ ਤੇ ਨਹੀਂ ਮਿਲੇ।

**ਜੀ ਪਾਰਥਾਸਾਰਥੀ**

***ਲੇਖਕ ਪਾਕਿਸਤਾਨ ਵਿਚ ਭਾਰਤ ਦਾ ਹਾਈ ਕਮਿਸ਼ਨਰ ਰਹਿ ਚੁੱਕਾ ਹੈ।**

# ਪੰਚਕੂਲਾ ਦੇ ਡੀ.ਸੀ ਨੇ ਪੁਲਿਸ ਵਲੋਂ ਜ਼ਿਲਾ ਰੇਡ ਕ੍ਰਾਸ ਸੋਸਾਇਟੀ ਨੂੰ ਇਕ ਇਨੋਵਾ ਐਮਬੂਲੈਂਸ ਸੇਵਾ ਲਈ ਸੌਂਪੀ

**ਪੰਚਕਲਾ (ਦੀਪਕ ਸ਼ਰਮ)** ਜਿਲੇ ਵਿਚ ਕੋਰੋਨਾ ਦੇ ਮਰੀਜਾਂ ਦੀ ਵੱਧ ਰਹੀ ਗਿਣਤੀ ਦੇ ਮੱਦੇਨਜਰ, ਲੋਕਾਂ ਦੇ ਘਰ ਤਕ ਆਕਸੀਜਨ ਸਿਲੰਡਰ ਪਹੁੰਚਾਉਣ ਲਈ ਪੁਲਿਸ ਦੁਆਰਾ ਇੱਕ ਇਨੋਵਾ ਐਂਬੂਲੈਂਸ ਸੇਵਾ ਨੂੰ ਜਲਿ ਰੈਡ ਕਰਾਸ ਨੂੰ ਸੌਂਪਿਆ ਗਿਆ । ਵਾਹਨ ਦੀ ਵਰਤੋਂ ਜਲਿ ਦੇ ਕੋਰੋਨਾ ਦੇ ਲੋੜਵੰਦ ਮਰੀਜਾਂ ਨੂੰ ਆਕਸੀਜਨ ਦੀ ਹੋਮ ਡਿਲੀਵਰੀ ਲਈ ਵਰਤਿਆ ਜਾਵੇਗਾ ।

ਡੀ.ਸੀ ਮੁਕੇਸ ਕੁਮਾਰ ਆਹੂਜਾ ਨੇ ਕਿਹਾ ਹੈ ਕਿ ਘਰਾਂ ਵਿੱਚ ਆਈਸੋਲੇਟ ਹੋਏ ਕੋਵਿਡ ਮਰੀਜਾਂ ਤੋਂ ਇਲਾਵਾ ਬਜੁਰਗ ਅਤੇ ਹੋਰ ਬਿਮਾਰੀਆਂ ਤੋਂ ਪੀੜਤ ਲੋਕ ਵੀ ਹਨ ਜਿਨਾਂ ਨੂੰ ਆਕਸੀਜਨ ਅਤੇ ਹੋਰ ਚੀਜਾਂ ਦੀ ਲਗਾਤਾਰ ਲੋੜ ਰਹਿੰਦੀ ਹੈ । ਘਰ-ਦਰਵਾਜੇ ਆਕਸੀਜਨ ਸਿਲੰਡਰ ਰੀਫਿਲ ਸਹੂਲਤ ਦੀ ਸੁਰੂਆਤ ਨਾਲ, ਅਜਿਹੇ ਮਰੀਜਾਂ ਨੂੰ ਕਾਫੀ ਲਾਭ ਹੋਏਗਾ ਕਿਉਂਕਿ ਮਰੀਜਾਂ ਜਾਂ ਉਨਾਂ ਦੇ ਪਰਿਵਾਰਾਂ ਨੂੰ ਸਿਲੰਡਰ ਨੂੰ ਭਰਨ ਲਈ ਲੰਬੀਆਂ ਕਤਾਰਾਂ ਵਿਚ ਇੰਤਜਾਰ ਨਹੀਂ ਕਰਨਾ ਪਏਗਾ। ਇਸ ਤੋਂ ਇਲਾਵਾ, ਇਹ ਸੇਵਾ ਆਕਸੀਜਨ ਸਿਲੰਡਰਾਂ ਦੀ ਕਾਲਾ ਬਾਜ਼ਾਰੀ ਨੂੰ ਵੀ ਘੱਟ ਕਰੇਗੀ । ਜਲਿ ਰੈਡ ਕਰਾਸ ਦੀ ਸਕੱਤਰ ਸਵਿਤਾ ਅਗਰਵਾਲ ਨੇ ਦੱਸਿਆ ਕਿ ਲੋਕ ਪੰਚਕੂਲਾ ਵਿੱਚ 9 ਮਈ ਤੋਂ ਘਰ-ਘਰ ਜਾ ਕੇ ਆਕਸੀਜਨ ਸਿਲੰਡਰ ਰੀਫਿਲ ਦੀ ਸਹੂਲਤ ਚਲਾ ਰਹੇ ਹਨ । ਇਸ ਕੜੀ ਵਿਚ, ਜਲਿ ਰੈਡ ਕਰਾਸ ਸੁਸਾਇਟੀ ਦੀ ਟੀਮ ਨੇ ਹੁਣ ਤਕ 20 ਕੋਵਿਡ ਮਰੀਜਾਂ ਲਈ ਦਿਨ-ਰਾਤ ਘਰ-ਘਰ ਜਾ ਕੇ ਆਕਸੀਜਨ ਦੀ ਸਪਲਾਈ ਕੀਤੀ ਹੈ ।




ਉਸਨੇ ਦੱਸਿਆ ਕਿ ਕੋਈ ਵੀ ਕੋਵਿਡ ਮਰੀਜ ਜਾਂ ਹੋਰ ਵਿਅਕਤੀ ਜਿਸ ਨੂੰ ਆਕਸੀਜਨ ਦੀ ਜਰੂਰਤ ਹੈ, ਉਸਨੂੰ ਜਾਂ ਉਸਦੇ ਪਰਿਵਾਰਕ ਮੈਂਬਰਾਂ ਨੂੰ ਪੋਰਟਲ ://. 'ਤੇ ਓਨਲਾਈਨ ਅਰਜੀ ਦੇਣੀ ਪਏਗੀ । ਜਿਵੇਂ ਹੀ ਪੋਰਟਲ 'ਤੇ ਜਾਣਕਾਰੀ ਮਿਲਦੀ ਹੈ, ਅਸੀਂ ਜਲਦੀ ਹੀ ਘਰ ਵਿਚ ਆਕਸੀਜਨ ਪਹੁੰਚਾਉਣ ਦਾ ਕੰਮ ਕਰਾਂਗੇ ।

# ਬੇਅਦਬੀ ਦੇ ਸਬੂਤ ਮੰਗਣ ਵਾਲੇ ਸੁਖਬੀਰ ਬਾਦਲ ਨੂੰ ਨਵਜੋਤ ਸਿੱਧੂ ਦਾ ਠੋਕਵਾਂ ਜਵਾਬ, ਪੇਸ਼ ਕੀਤੇ ਸਬੂਤ

**ਚੰਡੀਗੜ (ਦੀਪਕ ਸ਼ਰਮ)** ਬੀਤੇ ਦਿਨੀਂ ਕਾਂਗਰਸ ਸਰਕਾਰ ਬੇਅਦਬੀ ਦੇ ਸਬੂਤ ਮੰਗਣ ਵਾਲੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਨਵਜੋਤ ਸਿੰਘ ਸਿੱਧੂ ਨੇ ਠੋਕਵਾਂ ਜਵਾਬ ਦਿੱਤਾ ਹੈ। ਸੋਸ਼ਲ ਮੀਡੀਆ 'ਤੇ ਪੂਰੀ ਤਰਾਂ ਸਰਗਰਮ ਨਵਜੋਤ ਸਿੱਧੂ ਨੇ ਆਖਿਆ ਹੈ ਕਿ ਜਸਟਿਸ (ਰਿਟਾ.) ਰਣਜੀਤ ਸਿੰਘ ਜਾਂਚ ਕਮਿਸ਼ਨ ਦੀ ਰਿਪੋਰਟ ਅਨੁਸਾਰ ਬਾਦਲਾਂ ਖ਼ਿਲਾਫ਼ ਬਹੁਤ ਸਾਰੇ ਗੰਭੀਰ ਪ੍ਰਤੱਖ ਪ੍ਰਮਾਣ ਮੌਜੂਦ ਹਨ। ਸਤੰਬਰ 2018 ਵਿਚ ਮੈਂ ਡਾਕਟਰਾਂ, ਸਾਬਕਾ ਡੀ.ਜੀ.ਪੀ. ਅਤੇ ਪ੍ਰਸ਼ਾਸਨ ਦੇ ਅਧਿਕਾਰੀਆਂ ਦੇ ਬਿਆਨ ਜਨਤਕ ਕੀਤੇ ਸਨ, ਜੋ ਸਾਬਤ ਕਰਦੇ ਹਨ ਕਿ 14-15 ਅਕਤੂਬਰ 2015 ਦੀ ਰਾਤ ਨੂੰ ਕੋਟਕਪੂਰਾ ਚੌਕ 'ਚ ਹੋਈ ਕਾਰਵਾਈ ਤਤਕਾਲੀਨ ਮੁੱਖ ਮੰਤਰੀ ਦੀ ਸਹਿਮਤੀ ਨਾਲ ਹੋਈ ਸੀ। ਸਿੱਧੂ ਨੇ ਆਖਿਆ ਕਿ ਇਹ ਸੀ.ਸੀ.ਟੀ.ਵੀ ਫੁਟੇਜ ਬਾਦਲ ਸਰਕਾਰ ਦੌਰਾਨ ਜਸਟਿਸ (ਰਿਟਾ.) ਜ਼ੋਰਾ ਸਿੰਘ ਕਮਿਸ਼ਨ ਤੋਂ ਛੁਪਾਏ ਗਏ ਸਨ। ਬਾਅਦ 'ਚ ਜਸਟਿਸ (ਰਿਟਾ.) ਰਣਜੀਤ ਸਿੰਘ ਜਾਂਚ ਕਮਿਸ਼ਨ ਨੇ ਇਹ ਲੱਭ ਕੇ ਲਿਆਂਦੇ ਸਨ। ਮੇਰੇ ਵੱਲੋਂ ਜਨਤਕ ਕੀਤੇ ਗਏ ਇਹ ਫੁਟੇਜ ਸਾਫ਼ ਦਿਖਾਉਂਦੇ ਹਨ ਕਿ ਪੁਲਸ ਬਾਦਲਾਂ ਦੇ ਹੁਕਮਾਂ 'ਤੇ ਅਮਲ ਕਰ ਰਹੀ ਸੀ। ਅੰਤ ਵਿਚ ਸਿੱਧੂ ਨੇ ਲਿਖਿਆ ਕਿ ਤੁਸੀਂ ਦੋਸ਼ੀ ਹੋ ਪਰ ਬਚਾਏ ਜਾ ਰਹੇ ਹੋ। ਦੱਸਣਯੋਗ ਹੈ ਕਿ ਬੀਤੇ ਦਿਨੀਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਨੇ ਆਪਣੇ ਫੇਸਬੁੱਕ ਪੇਜ 'ਤੇ ਆਖਿਆ ਸੀ ਕਿ ਜੇਕਰ ਕਾਂਗਰਸੀਆਂ ਕੋਲ ਬੇਅਦਬੀ ਕੇਸਾਂ ਦੇ ਇੰਨੇ ਹੀ ਠੋਸ ਅਤੇ ਸੱਚੇ ਸਬੂਤ ਹਨ ਤਾਂ ਫਿਰ ਉਨਾਂ ਨੂੰ ਹੁਣ ਤੱਕ ਦੁਨੀਆ ਤੋਂ ਲੁਕੋ ਕੇ ਕਿਉਂ ਰੱਖਿਆ ਗਿਆ ਹੈ। ਸੁਖਬੀਰ ਨੇ ਕਿਹਾ ਕਿ ਇਨਾਂ ਸਬੂਤਾਂ ਨੂੰ ਲੁਕੋਣ ਦੀ ਥਾਂ ਦੁਨੀਆ ਦੇ ਸਾਹਮਣੇ ਲਿਆਂਦਾ ਜਾਵੇ। ਸੁਖਬੀਰ ਬਾਦਲ ਨੇ ਕਿਹਾ ਕਿ ਬਹੁਤ ਸਾਰੇ ਕਾਂਗਰਸੀ ਅਤੇ ਉਨਾਂ ਦੇ ਪ੍ਰਤੱਖ ਜਾਂ ਅਪ੍ਰਤੱਖ ਗੁਪਤ ਸਹਿਯੋਗੀ ਜ਼ੋਰ-ਸ਼ੋਰ ਨਾਲ ਇਹ ਦਾਅਵਾ ਕਰ ਰਹੇ ਹਨ ਕਿ ਉਨਾਂ ਕੋਲ ਇਸ ਗੱਲ ਦੇ ਠੋਸ ਅਤੇ ਝੁਠਲਾਏ ਨਾ ਜਾ ਸਕਣ ਵਾਲੇ ਸਬੂਤ



ਹਨ ਕਿ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਬੇਅਦਬੀ ਦਾ ਘਿਨਾਉਣਾ ਪਾਪ ਕਿਸੇ ਨੇ ਯੋਜਨਾਬੱਧ ਕੀਤਾ, ਕਿਸੇ ਨੇ ਸਰਪ੍ਰਸਤੀ ਦਿੱਤੀ ਅਤੇ ਕਿਸ ਨੇ ਇਹ ਨੇਪਰੇ ਚਾੜਿਆ। ਸੁਖਬੀਰ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਬਣੀ ਨੂੰ ਸਾਢੇ 4 ਸਾਲ ਤੋਂ ਵੱਧ ਦਾ ਸਮਾਂ ਹੋ ਚੁੱਕਿਆ ਹੈ, ਮੈਂ ਹੈਰਾਨ ਹਾਂ ਕਿ ਜੇਕਰ ਉਨਾਂ ਕੋਲ ਇੰਨੇ ਠੋਸ ਸਬੂਤ ਹਨ ਤਾਂ ਉਹ ਇਨਾਂ ਨੂੰ ਖਾਲਸਾ ਪੰਥ, ਐੱਸ. ਆਈ. ਟੀ., ਅਦਾਲਤ ਅਤੇ ਪੰਜਾਬ ਸਮੇਤ ਦੁਨੀਆ ਭਰ ਦੇ ਬਾਕੀ ਲੋਕਾਂ ਤੋਂ ਲੁਕੋ ਕਿਉਂ ਰਹੇ ਹੋ? ਸੁਖਬੀਰ ਨੇ ਕਿਹਾ ਕਿ ਮੇਰੀ ਪੁਰਜੋਰ ਅਪੀਲ ਹੈ ਕਿ ਜਿਸ ਕਿਸੇ ਦੀ ਵੀ ਖਲਿਾਫ ਉਨਾਂ ਕੋਲ ਬੇਅਦਬੀ ਦੇ ਦੁਖਦਾਈ ਹਾਦਸੇ ਦੇ ਜਿਹੜੇ ਵੀ ਠੋਸ ਤੇ ਸੱਚੇ ਸਬੂਤ ਅਤੇ ਜੋ ਵੀ ਵੇਰਵੇ ਹਨ, ਉਹ ਉਨਾਂ ਨੂੰ ਖਾਲਸਾ ਪੰਥ, ਅਦਾਲਤ, ਐਸ. ਆਈ. ਟੀ. ਅਤੇ ਆਮ ਲੋਕਾਂ ਦੇ ਸਾਹਮਣੇ ਪੇਸ਼ ਕਰਨ।

# ਕੇਂਦਰ ਤੋਂ ਹੋਰ ਜ਼ਿਆਦਾ ਆਕਸੀਜਨ ਟੈਂਕਰਾਂ ਦੀ ਮੰਗ ਕਰੇਗੀ ਪੰਜਾਬ ਸਰਕਾਰ : ਮੁੱਖ ਸਕੱਤਰ

**ਚੰਡੀਗੜ (ਦੀਪਕ ਸ਼ਰਮ)** ਮੈਡੀਕਲ ਆਕਸੀਜਨ ਦੀ ਵਧਦੀ ਮੰਗ ਅਤੇ ਪੂਰਤੀ ਵਿਚਲੇ ਗੈਪ ਨੂੰ ਭਰਨ ਲਈ ਪੰਜਾਬ ਸਰਕਾਰ ਕੇਂਦਰ ਤੋਂ ਹੋਰ ਜ਼ਿਆਦਾ ਆਕਸੀਜਨ ਟੈਂਕਰਾਂ ਦੀ ਮੰਗ ਕਰੇਗੀ ਤਾਂ ਜੋ ਜ਼ਿੰਦਗੀ ਬਚਾਊ ਇਸ ਗੈਸ ਦੀ ਲੋੜੀਂਦੀ ਸਪਲਾਈ ਪੰਜਾਬ ਨੂੰ ਮਿਲਦੀ ਰਹੇ। ਇਸ ਤੋਂ ਇਲਾਵਾ ਆਪਣੇ ਪੱਧਰ 'ਤੇ ਪੰਜਾਬ ਨੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਅਤੇ ਵਿਦੇਸ਼ਾਂ ਤੋਂ ਆਕਸੀਜਨ ਟੈਂਕਰ ਲਿਆਉਣ ਦੀ ਪ੍ਰਕਿਰਿਆ ਨੂੰ ਹੋਰ ਤੇਜ਼ ਕਰ ਦਿੱਤਾ ਹੈ। ਇਨਾਂ ਸ਼ਬਦਾਂ ਦਾ ਪ੍ਰਗਟਾਵਾ ਪੰਜਾਬ ਦੀ ਮੁੱਖ ਸਕੱਤਰ ਵਿੰਨੀ ਮਹਾਜਨ ਨੇ ਅੱਜ ਸੂਬੇ 'ਚ ਆਕਸੀਜਨ ਦੀ ਉਪਲੱਬਧਤਾ, ਲੋੜ ਤੇ ਵੰਡ ਅਤੇ ਕੋਰੋਨਾ ਦੀ ਦੂਜੀ ਲਹਿਰ ਦੌਰਾਨ ਪੀੜਤਾਂ ਦੇ ਇਲਾਜ ਸਬੰਧੀ ਸੂਬੇ 'ਚ ਚੱਲ ਰਹੇ ਕੰਮਾਂ ਸਬੰਧੀ ਇਕ ਆਨਲਾਈਨ ਉੱਚ ਪੱਧਰੀ ਰੀਵਿਊ ਮੀਟਿੰਗ ਦੌਰਾਨ ਕੀਤਾ। ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਆਕਸੀਜਨ ਦੀ ਸਪਲਾਈ ਪੰਜਾਬ ਲਿਆਉਣ ਸਬੰਧੀ ਟਰਾਂਸਪੋਰਟ ਵਿਭਾਗ ਦੇ ਪ੍ਰਮੁੱਖ ਸਕੱਤਰ ਕੇ. ਸ਼ਿਵਾ ਪ੍ਰਸਾਦ ਨੇ ਮੁੱਖ ਸਕੱਤਰ ਨੂੰ ਵਿਸਥਾਰ ਵਿਚ ਜਾਣਕਾਰੀ ਦਿੱਤੀ। ਉਨਾਂ ਦੱਸਿਆ ਕਿ ਬੈਲਜੀਅਮ ਅਤੇ ਆਸਟ੍ਰੇਲੀਆ ਤੋਂ ਵੀ ਆਕਸੀਜਨ ਦੇ ਟੈਂਕਰ ਪੰਜਾਬ ਲਿਆਉਣ ਦੀਆਂ ਕੋਸ਼ਿਸ਼ਾਂ ਤੇਜ਼ ਕਰ ਦਿੱਤੀਆਂ ਗਈਆਂ ਹਨ। ਜਲਦ ਹੀ ਬੈਲਜੀਅਮ ਅਤੇ ਆਸਟ੍ਰੇਲੀਆ ਤੋਂ ਵੀ ਆਕਸੀਜਨ ਦੇ ਟੈਂਕਰ ਪੰਜਾਬ ਪੁੱਜ ਜਾਣਗੇ।



# ਕਿਸਾਨਾਂ ਦੀ ਸਹੂਲਤ ਲਈ ਡਿਜੀਲਾਕਰ ਸ਼ੁਰੂ ਕਰਨ ਵਾਲਾ ਦੇਸ਼ ਦਾ ਪਹਿਲਾ ਸੂਬਾ ਬਣਿਆ ਪੰਜਾਬ'

**ਚੰਡੀਗੜ (ਦੀਪਕ ਸ਼ਰਮ)** ਈ-ਗਵਰਨੈਂਸ ਨੂੰ ਉਤਸਾਹਿਤ ਕਰਨ ਤੋਂ ਇਲਾਵਾ ਇੱਕ ਹੋਰ ਕਿਸਾਨ ਪੱਖੀ ਪਹਿਲਕਦਮੀ ਕਰਦਿਆਂ ਪੰਜਾਬ ਕਿਸਾਨਾਂ ਲਈ ਡਿਜੀ-ਲਾਕਰ ਦੀ ਸਹੂਲਤ ਸ਼ੁਰੂ ਕਰਨ ਵਾਲਾ ਦੇਸ਼ ਦਾ ਪਹਿਲਾ ਸੂਬਾ ਬਣ ਗਿਆ ਹੈ। ਸੂਬੇ ਵਿੱਚ ਹੁਣ ਕਿਸਾਨਾਂ ਕੋਲ ਆਪਣੇ ਜੇ-ਫਾਰਮ ਦੀਆਂ ਡਿਜੀਟਲ ਕਾਪੀਆਂ ਦਾ ਪ੍ਰਿੰਟ ਲੈਣ ਜਾਂ ਡਾਊਨਲੋਡ ਕਰਨ ਦੀ ਖੁੱਲ ਹੋਵੇਗੀ ਕਿਉਂਕਿ ਪੰਜਾਬ ਮੰਡੀ ਬੋਰਡ ਨੇ ਕਣਕ ਦੇ ਖਰੀਦ ਸੀਜਨ-2021 ਸੀਜਨ ਤੋਂ ਜੇ-ਫਾਰਮ ਦਾ ਇਲੈਕਟ੍ਰਾਨਿਕ ਫਾਰਮੈਟ ਉਪਲਬਧ ਕਰਵਾ ਦਿੱਤਾ ਹੈ।

ਇਸ ਬਾਰੇ ਜਾਣਕਾਰੀ ਦਿੰਦਿਆਂ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਲਾਲ ਸਿੰਘ ਨੇ ਕਿਹਾ ਕਿ ਇਹ ਕਦਮ ਕਿਸਾਨਾਂ ਨੂੰ ਆਪਣੀ ਖੇਤੀ ਉਪਜ ਦੀ ਪ੍ਰਮਾਣਿਕ ਡਿਜੀਟਲ ਵਿਕਰੀ ਰਸੀਦ ਤੱਕ ਅਸਲ ਸਮੇਂ ਦੀ ਪਹੁੰਚ ਨੂੰ ਯਕੀਨੀ ਬਣਾਉਣ ਲਈ ਰਾਹ ਪੱਧਰਾ ਕਰਦਿਆਂ ਉਨਾਂ ਨੂੰ ਡਿਜੀਟੀਲ ਸਮਰੱਥ ਬਣਾਵੇਗਾ। ਉਨਾਂ ਕਿਹਾ ਕਿ ਇਸ ਡਿਜੀਟਲ ਉਪਰਾਲੇ ਨਾਲ ਮੌਜੂਦਾ ਹਾੜੀ ਮੰਡੀਕਰਨ ਸੀਜਨ ਦੌਰਾਨ ਤਕਰੀਬਨ 10 ਲੱਖ ਜੇ-ਫਾਰਮ ਧਾਰਕ ਕਿਸਾਨਾਂ ਨੇ ਮੰਡੀ ਬੋਰਡ ਕੋਲ ਰਜਿਸਟ੍ਰੇਸ਼ਨ ਕਰਵਾਈ ਹੈ। ਲਾਲ ਸਿੰਘ ਨੇ ਅੱਗੇ ਦੱਸਿਆ ਕਿ ਇਸ ਮਹੱਤਵਪੂਰਨ ਕਦਮ ਦੇ ਲਾਗੂ ਹੋਣ ਨਾਲ ਜੇ ਕੋਈ ਕਿਸਾਨ ਰਜਿਸਟ੍ਰੇਸ਼ਨ ਫਾਰਮ ਘਰ ਭੁੱਲ ਜਾਂਦਾ ਹੈ ਜਾਂ ਦਸਤਾਵੇਜ ਗੁੰਮ ਹੋ ਜਾਂਦਾ ਹੈ ਜਾਂ ਕਿਸਾਨ ਪ੍ਰਿੰਟਿਡ ਕਾਪੀ ਮਿਲਣ ਦੀ ਉਡੀਕ ਕਰ ਰਿਹਾ ਹੈ, ਤਾਂ ਉਨਾਂ ਨੂੰ ਸਿਰਫ਼ ਡਿਜੀਲਾਕਰ ਐਪ ਡਾਊਨਲੋਡ ਕਰਨ ਅਤੇ ਆਪਣਾ ਵਰਚੁਅਲ ਜੇ-ਫਾਰਮ ਸੇਵ ਕਰਨ ਦੀ ਜਰੂਰਤ ਹੈ। ਲਾਲ ਸਿੰਘ ਨੇ ਕਿਹਾ ਇਹ ਫਾਰਮ ਬਿਲਕੁਲ ਯੋਗ ਮੰਨਿਆ ਜਾਵੇਗਾ ਅਤੇ ਚੈਕਿੰਗ ਵੇਲੇ ਦਿਖਾਇਆ ਜਾ ਸਕਦਾ ਹੈ। ਉਨਾਂ ਕਿਹਾ ਕਿ ਜਦੋਂ ਅਰਜੀਕਰਤਾ ਦਾ ਜੇ-ਫਾਰਮ ਆੜਤੀਆ ਦੁਆਰਾ ਮਨਜੂਰ ਹੋ ਜਾਂਦਾ ਹੈ ਤਾਂ ਉਸ ਨੂੰ ਫੋਨ 'ਤੇ ਪ੍ਰਵਾਨਗੀ ਬਾਰੇ ਸੰਦੇਸ ਮਿਲਦਾ ਹੈ ਜੋ ਐਪ ਵਿੱਚ ਡਾਊਨਲੋਡ ਕੀਤਾ ਜਾ ਸਕਦਾ ਹੈ। ਚੇਅਰਮੈਨ ਨੇ ਅੱਗੇ ਦੱਸਿਆ ਕਿ ਡਿਜੀਲਾਕਰ ਵਿੱਚ ਡਿਜੀਟਲ ਜੇ-ਫਾਰਮ ਦੀ ਵਰਤੋਂ ਵਿੱਤੀ ਸੰਸਥਾਵਾਂ ਤੋਂ ਵਿੱਤ ਲੈਣ; ਆਨਲਾਈਨ ਵੈਰੀਫਾਈ ਕੀਤਾ ਜਾ ਸਕਦਾ ਹੈ, ਆਈ.ਟੀ. ਛੋਟਾਂ, ਸਬਸਿਡੀ ਕਲੇਮ, ਕਿਸਾਨ ਬੀਮਾ ਆਦਿ ਸਹੂਲਤਾਂ ਲਈ ਕੀਤੀ ਜਾ ਸਕਦੀ ਹੈ। ਇਸ ਡਿਜੀਟਲ ਪਹਿਲਕਦਮੀ ਬਾਰੇ ਵਧੇਰੇ ਜਾਣਕਾਰੀ ਦਿੰਦਿਆਂ ਪੰਜਾਬ ਮੰਡੀ ਬੋਰਡ ਦੇ ਸਕੱਤਰ ਰਵੀ ਭਗਤ ਨੇ ਦੱਸਿਆ ਕਿ ਕਿਸਾਨੀ ਸਹੂਲਤਾਂ ਦਾ ਲਾਭ ਲੈਣ ਦੇ ਸਮੇਂ ਜੇਕਰ ਕੋਈ ਮੌਕੇ 'ਤੇ ਜਾਂਚ ਦੌਰਾਨ ਇਸ ਦਸਤਾਵੇਜ ਦੀ ਮੰਗ ਕਰਦਾ ਹੈ ਤਾਂ ਡਿਜੀਲਾਕਰ ਜ਼ਰੀਏ ਉਕਤ ਜੇ-ਫਾਰਮ ਦਿਖਾਇਆ ਜਾ ਸਕਦਾ ਹੈ। ਸਕੱਤਰ ਨੇ ਕਿਹਾ ਕਿ ਇਸ ਨਾਲ ਕਿਸਾਨਾਂ ਨੂੰ ਪਲਾ-ਸਟਿਕ ਕਾਰਡ ਜਾਂ ਫਿਜ਼ੀਕਲ ਤੌਰ 'ਤੇ ਕਾਪੀਆਂ ਰੱਖਣ ਦੀ ਲੋੜ ਨਹੀਂ ਪਵੇਗੀ। ਰਵੀ ਭਗਤ ਨੇ ਅੱਗੇ ਦੱਸਿਆ ਕਿ ਮੰਡੀ ਬੋਰਡ ਵੱਲੋਂ ਇਸ ਸਬੰਧੀ ਵੱਖ-ਵੱਖ ਵਿਭਾਗਾਂ ਦੇ ਜਾਂਚ ਅਮਲੇ ਨੂੰ ਜਾਣੂੰ ਕਰਵਾਉਣ ਲਈ ਪੰਜਾਬ ਦੀਆਂ ਮਾਰਕੀਟ



ਕਮੇਟੀਆਂ ਦੇ ਸਮੂਹ ਸਕੱਤਰਾਂ ਨੂੰ ਪਹਿਲਾਂ ਹੀ ਇੱਕ ਪੱਤਰ ਜਾਰੀ ਕੀਤਾ ਗਿਆ ਸੀ। ਸਕੱਤਰ ਨੇ ਅਧਿਕਾਰੀਆਂ ਨੂੰ ਇਹ ਵੀ ਯਕੀਨੀ ਬਣਾਉਣ ਲਈ ਕਿਹਾ ਕਿ ਮੌਕੇ 'ਤੇ ਤਸਦੀਕ ਸਮੇਂ ਸਮਾਰਟਫੋਨਾਂ 'ਤੇ ਉਪਲੱਬਧ "ਵਰਚੁਅਲ" ਜੇ-ਫਾਰਮ ਨੂੰ ਜਾਇਜ਼ ਮੰਨਿਆ ਜਾਵੇ। ਹੋਰ ਨਿਰਦੇਸ ਦਿੰਦਿਆਂ ਰਵੀ ਭਗਤ ਨੇ ਕਿਹਾ ਕਿ 'ਵਰਚੁਅਲ' ਜੇ-ਫਾਰਮ ਦੀ ਮਨਜ਼ੂਰੀ ਸਬੰਧੀ ਆਮ ਲੋਕਾਂ ਨੂੰ ਜਾਗਰੂਕ ਕਰਨ ਲਈ ਸੂਬੇ ਦੇ ਮਾਰਕੀਟ ਕਮੇਟੀ ਦਫਤਰਾਂ ਦੇ ਨੋਟਿਸ ਬੋਰਡਾਂ 'ਤੇ ਇਹ ਜਾਣਕਾਰੀ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਡਿਜੀਟਲ ਪੰਜਾਬ ਮੁਹਿੰਮ ਦੇ ਟੀਚਿਆਂ ਨੂੰ ਪੂਰਾ ਕਰਨ ਦੇ ਨਾਲ-ਨਾਲ ਇਹ ਪ੍ਰਣਾਲੀ ਭ੍ਰਿਸਟਾਚਾਰ ਨੂੰ ਵੀ ਖਤਮ ਕਰੇਗੀ, ਜਿਸ ਨਾਲ ਜੇ-ਫਾਰਮਾਂ ਦੀ ਹਾਰਡ ਕਾਪੀ ਉਪਲਬਧ ਨਾ ਹੋਣ ਦੀ ਸੂਰਤ ਵਿਚ ਲੋਕਾਂ ਨੂੰ ਭਾਰੀ ਨਹੀਂ ਦੇਣੇ ਪੈਣਗੇ। ਉਨਾਂ ਇਹ ਵੀ ਕਿਹਾ ਕਿ ਪੰਜਾਬ ਮੰਡੀ ਬੋਰਡ ਨੇ ਡਿਜੀਟਲ ਇੰਡੀਆ ਕਾਰਪੋਰੇਸਨ (ਡੀਆਈਸੀ) ਅਧੀਨ ਇਲੈਕਟ੍ਰਾਨਿਕਸ ਅਤੇ ਆਈਟੀ ਮੰਤਰਾਲੇ ਦੀ ਇੱਕ ਪ੍ਰਮੁੱਖ ਪਹਿਲ ਡਿਜੀ-ਲਾਕਰ ਦੀ ਤਰਾਂ ਸਰਕਾਰ ਦੀਆਂ ਵੱਖ ਵੱਖ ਪਹਿਲਕਦਮੀਆਂ ਦਾ ਸਮਰਥਨ ਅਤੇ ਇਸਨੂੰ ਉਤਸ਼ਾਹਿਤ ਕੀਤਾ ਹੈ। ਗੌਰਤਲਬ ਹੈ ਕਿ ਡਿਜੀਲਾਕਰ ਭਾਰਤ ਸਰਕਾਰ ਦੇ ਪ੍ਰਮੁੱਖ ਪ੍ਰੋਗਰਾਮ ਡਿਜੀਟਲ ਇੰਡੀਆ ਦੇ ਤਹਿਤ ਇੱਕ ਮਹੱਤਵਪੂਰਣ ਪਹਿਲਕਦਮੀ ਹੈ ਜਿਸਦਾ ਉਦੇਸ਼ ਭਾਰਤ ਨੂੰ ਇੱਕ ਡਿਜੀਟਲੀ ਸਮਰੱਥ ਮੁਲਕ ਅਤੇ ਅਤੇ ਪੜੀ ਲਿਖੀ ਅਰਥ ਵਿਵਸਥਾ ਵਿੱਚ ਬਦਲਣਾ ਹੈ। ਡਿਜੀਲਾਕਰ ਨਾਗਰਿਕਾਂ ਨੂੰ ਜਨਤਕ ਕਲਾਊਡ 'ਤੇ ਸਾਂਝੀ ਕਰਨ ਯੋਗ ਪ੍ਰਾਈਵੇਟ ਸਪੇਸ ਪ੍ਰਦਾਨ ਕਰਨ ਅਤੇ ਇਸ ਕਲਾਊਡ' ਤੇ ਸਾਰੇਦਸਤਾਵੇਜ/ਸਰਟੀਫਿਕੇਟ ਉਪਲਬਧ ਕਰਾਉਣ ਸਬੰਧੀ ਡਿਜੀਟਲ ਇੰਡੀਆ ਦੇ ਦ੍ਰਿਸਟੀਕੋਣ ਵਾਲੇ ਖੇਤਰਾਂ ਵਿੱਚ ਸ਼ਾਮਲ ਹੁੰਦਾ ਹੈ।

# ਬਿਆਸ ਦਰਿਆ ਨਾਲ ਲੱਗਦੇ ਮੰਡ ਏਰੀਆ ਵਿੱਚ ਥਾਣਾ ਦਸੂਹਾ ਦੀ ਪੁਲਿਸ ਵੱਲੋਂ ਭਾਰੀ ਮਾਤਰਾ ਵਿੱਚ ਕੀਤੀ ਗਈ ਲਾਹਣ ਬਰਾਮਦ

**ਦਸੂਹਾ (ਜਸਵੀਰ ਸਿੰਘ ਪੁਰੇਵਾਲ)** ਜ਼ਿਲ੍ਹਾ ਹੁਸ਼ਿਆਰਪੁਰ ਦੇ ਥਾਣਾ ਦਸੂਹਾ ਦੇ ਬਿਆਸ ਦਰਿਆ ਨਾਲ ਲੱਗਦੇ ਮੰਡ ਏਰੀਆ ਵਿੱਚ ਭਾਰੀ ਮਾਤਰਾ ਵਿੱਚ ਲਾਹਣ ਬਰਾਮਦ ਕਰਕੇ ਨਸਟ ਕੀਤੀ ਗਈ। ਦਸੂਹਾ ਐਸ.ਆਈ. ਗੁਰਪ੍ਰੀਤ, ਮੁੱਖ ਅਫਸਰ ਥਾਣਾ ਦਸੂਹਾ ਸਮੇਤ ਪੁਲਿਸ ਕਰਮਚਾਰੀਆਂ ਥਾਣਾ ਦਸੂਹਾ ਅਤੇ ਥਾਣਾ ਤਲਵਾੜਾ ਨਾਲ ਰੇਡ ਕਰਕੇ ਪਿੰਡ ਬੇਗਪੁਰ ਮੰਡ ਏਰੀਆ (ਬਿਆਸ ਦਰਿਆ) ਵਿੱਚ ਰੇਡ ਕਰਕੇ ਹੇਠ ਲਿਖੇ ਅਨੁਸਾਰ ਲਾਹਣ ਅਤੇ ਨਜਾਇਜ ਸ਼ਰਾਬ ਦੇਸੀ ਤਿਆਰ ਕਰਨ ਲਈ ਵਰਤੋਂ ਵਿੱਚ ਲਿਆਂਦਾ ਸਮਾਨ ਬਰਾਮਦ ਕੀਤਾ ਗਿਆ। ਮਨੀਸ਼ ਕੁਮਾਰ ਡੀ.ਐਸ.ਪੀ. ਦਸੂਹਾ ਨੇ ਦੱਸਿਆ ਕਿ ਪਿੰਡ ਮੌਜਪੁਰ ਜਿਲ੍ਹਾ ਗੁਰਦਾਸਪੁਰ ਵਿੱਚ ਪੈਂਦੇ ਇਹਨਾਂ ਪਿੰਡਾਂ ਦੇ ਕੁਝ ਵਿਅਕਤੀ ਥਾਣਾ ਦਸੂਹਾ ਦੇ ਏਰੀਆ ਬਿਆਸ ਕਿਨਾਰੇ ਸਰਕੰਡੇ ਅਤੇ ਕਾਹ ਦੀ ਆੜ ਵਿੱਚ ਨਜਾਇਜ ਸ਼ਰਾਬ ਕਸੀਦ ਕਰਕੇ ਜਿਲ੍ਹਾ ਗੁਰਦਾਸਪੁਰ ਅਤੇ ਹੁਸ਼ਿਆਰਪੁਰ ਦੇ ਏਰੀਆ ਅੰਦਰ ਵੇਚਦੇ ਹਨ। ਜੋ ਰੇਡ ਕਰਨ ਤੇ ਪੁਲਿਸ ਦਾ ਪਤਾ ਲੱਗਣ ਤੇ ਗੁਰਦਾ-ਸਪੁਰ ਸਾਈਡ ਭੱਜ ਜਾਂਦੇ ਹਨ। ਨਜਾਇਜ਼ ਸ਼ਰਾਬ ਦੀ ਸਮੱਗਲਿੰਗ ਨੂੰ ਰੋਕਣ ਲਈ ਥਾਣਾ ਦਸੂਹਾ ਅਤੇ ਥਾਣਾ ਤਲਵਾੜਾ ਦੀ ਪੁਲਿਸ ਸਾਂਝੇ ਤੌਰ ਤੇ ਕੀਤੇ ਸਰਚ ਅਪਰੇਸ਼ਨ ਦੌਰਾਨ ਉਕਤ ਬ੍ਰਾਮਦਗੀ ਕਰਕੇ ਮੁਕੱਦਮਾਂ ਦਰਜ ਕਰਕੇ ਆਰੋਪੀਆਂ ਦੀ ਭਾਲ ਕੀਤੀ ਜਾ ਰਹੀ ਹੈ।



# ਵੰਡੀਆਂ ਪਾਉਣ ਵਾਲਾ ਯੋਗੀ ਸਾਂਝ ਬਾਰੇ ਕੀ ਜਾਣੇ: ਅਮਰਿੰਦਰ

**ਚੰਡੀਗੜ੍ਹ।** ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਮਾਲੇ-ਰਕੋਟਲਾ ਨੂੰ ਜ਼ਿਲ੍ਹਾ ਐਲਾਨਣ 'ਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਪੰਜਾਬ ਦੀ ਕਾਂਗਰਸ ਸਰਕਾਰ ਉਤੇ ਨਿਸ਼ਾਨਾ ਸੇਧਿਆ ਹੈ। ਜ਼ਕਿਰਯੋਗ ਹੈ ਕਿ ਮਾਲੇਰਕੋਟਲਾ ਪੰਜਾਬ ਦਾ ਮੁਸਲਿਮ ਬਹੁਗਿਣਤੀ ਵਾਲਾ ਖੇਤਰ ਹੈ। ਯੋਗੀ ਨੇ ਟਵੀਟ ਕੀਤਾ ਕਿ 'ਮਾਨਤਾ ਅਤੇ ਧਰਮ ਦੇ ਅਧਾਰ 'ਤੇ ਕਿਸੇ ਵੀ ਤਰ੍ਹਾਂ ਦਾ ਵਿਸ਼ੇਸ਼ ਸਨਮਾਨ ਸੰਵਿਧਾਨ ਦੀ ਮੂਲ ਭਾਵਨਾ ਦੇ ਉਲਟ ਹੈ। ਇਸ ਸਮੇਂ ਮਾਲੇਰਕੋਟਲਾ ਦਾ ਗਠਨ ਕੀਤਾ ਜਾਣਾ ਕਾਂਗਰਸ ਦੀ ਵੰਡਪਾਊ ਨੀਤੀ ਨੂੰ ਦਰਸਾਉਂਦਾ ਹੈ।'

ਦੱਸਣਯੋਗ ਹੈ ਕਿ ਪੰਜਾਬ ਤੇ ਯੂਪੀ ਵਿਚ ਅਗਲੇ ਵਰ੍ਹੇ ਵਿਧਾਨ ਸਭਾ ਚੋਣਾਂ ਹੋਣ ਜਾ ਰਹੀਆਂ ਹਨ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਯੂਪੀ ਦੇ ਆਪਣੇ ਹਮਰੁਤਬਾ ਨੂੰ ਟਵੀਟ ਰਾਹੀਂ ਜਵਾਬ ਦਿੰਦਿਆਂ ਕਿਹਾ ਕਿ 'ਯੋਗੀ ਆਦਿੱਤਿਆਨਾਥ ਦਾ ਬਿਆਨ, ਭਾਜਪਾ ਦੀਆਂ ਵੰਡਪਾਊ ਨੀਤੀਆਂ ਦੀ ਕਵਾਇਦ ਦੇ ਤੌਰ 'ਤੇ ਸ਼ਾਂਤੀਪੂਰਨ ਪੰਜਾਬ ਵਿਚ ਫ਼ਿਰਕੂ ਨਫ਼ਰਤ ਪੈਦਾ ਕਰਨ ਦਾ ਯਤਨ ਹੈ।' ਅਮਰਿੰਦਰ ਨੇ ਈਦ ਮੌਕੇ ਸ਼ੁੱਕਰਵਾਰ ਮਾਲੇਰਕੋਟਲਾ ਨੂੰ ਪੰਜਾਬ ਦਾ 23ਵਾਂ ਜ਼ਿਲ੍ਹਾ ਐਲਾਨਿਆ ਸੀ। ਕੈਪਟਨ ਅਮਰਿੰਦਰ ਨੇ ਯੋਗੀ ਦੇ ਬਿਆਨ ਨੂੰ 'ਭੜਕਾਊ' ਕਰਾਰ ਦਿੰਦਿਆਂ ਕਿਹਾ ਕਿ ਯੂਪੀ ਦੇ ਮੁੱਖ ਮੰਤਰੀ ਉਨ੍ਹਾਂ ਦੇ ਰਾਜ ਦੇ ਮਾਮਲਿਆਂ ਵਿਚ ਦਖ਼ਲ ਨਾ ਦੇਣ। ਉਨ੍ਹਾਂ ਕਿਹਾ ਕਿ ਪੰਜਾਬ ਦੇ ਹਾਲਾਤ ਯੂਪੀ ਵਿਚ ਭਾਜਪਾ ਦੇ ਰਾਜ ਨਾਲੋਂ ਕਿਤੇ ਬਿਹਤਰ ਹਨ ਜਿੱਥੇ ਭਾਜਪਾ ਚਾਰ ਸਾਲਾਂ ਤੋਂ ਫ਼ਿਰਕੂ ਨਫ਼ਰਤ ਨੂੰ ਹੀ ਸ਼ਹਿ ਦੇ ਰਹੀ ਹੈ। ਜ਼ਕਿਰਯੋਗ ਹੈ ਕਿ ਮਾਲੇਰਕੋਟਲਾ ਨੂੰ ਜ਼ਿਲ੍ਹਾ ਬਣਾਉਣ ਦਾ ਵਾਅਦਾ ਕਾਂਗਰਸ ਨੇ ਪਿਛਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕੀਤਾ ਸੀ। ਕੈਪਟਨ ਅਮਰਿੰਦਰ ਨੇ ਕਿਹਾ ਕਿ ਪੰਜਾਬ ਦੀਆਂ ਨੈਤਿਕ ਕਦਰਾਂ-ਕੀਮਤਾਂ ਤੇ ਮਾਲੇਰਕੋਟਲਾ ਨਾਲ ਸਿੱਖ ਭਾਈਚਾਰੇ ਦੀ ਸਾਂਝ ਬਾਰੇ ਵੰਡੀਆਂ ਪਾਉਣ ਵਾਲੇ ਯੋਗੀ ਕੀ ਜਾਣਦੇ ਹਨ? ਭਾਰਤੀ ਸੰਵਿਧਾਨ ਬਾਰੇ ਵੀ ਉਹ ਕੀ ਜਾਣਦੇ ਹਨ ਜਿਸ ਦਾ ਉਨ੍ਹਾਂ ਦੀ ਆਪਣੀ ਸਰਕਾਰ ਹਰ ਰੋਜ਼ ਯੂਪੀ ਵਿਚ ਬੇਸ਼ਰਮੀ ਨਾਲ ਘਾਣ ਕਰ ਰਹੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਯੋਗੀ ਆਦਿੱਤਿਆਨਾਥ ਦੀਆਂ ਵੰਡਪਾਊ ਨੀਤੀਆਂ ਨੂੰ ਸਾਰੀ ਦੁਨੀਆ ਜਾਣਦੀ ਹੈ। ਯੂਪੀ ਵਿੱਚ ਵੱਖ-ਵੱਖ ਸ਼ਹਿਰਾਂ ਦੇ ਨਾਂ ਬਦਲਣ ਵੱਲ ਇਸ਼ਾਰਾ ਕਰਦਿਆਂ ਉਨ੍ਹਾਂ ਇਸ ਸਭ ਨੂੰ ਯੋਗੀ ਸਰਕਾਰ ਵੱਲੋਂ ਇਤਿਹਾਸ ਨੂੰ ਮੁੜ ਲਿਖਣ ਦੀ ਕੋਸ਼ਿਸ਼ ਕਰਾਰ ਦਿੱਤਾ। ਕੈਪਟਨ ਨੇ ਯਾਦ ਦਿਵਾਇਆ ਕਿ ਉੱਤਰ ਪ੍ਰਦੇਸ਼ ਲਵ ਜਹਾਦ ਕਾਨੂੰਨਾਂ ਨੂੰ ਪ੍ਰਵਾਨ ਕਰਨ ਵਾਲਾ ਦੇਸ਼ ਦਾ ਪਹਿਲਾ ਸੂਬਾ ਸੀ ਅਤੇ ਯੋਗੀ ਆਦਿੱਤਿਆਨਾਥ ਦੀ ਤਾਜ ਮਹਿਲ ਪ੍ਰਤੀ ਖੁੱਲ੍ਹੀ ਨਫ਼ਰਤ (ਜਿਸ ਨੂੰ ਉਹ ਮੁਗ਼ਲਾਂ ਦੀ ਵਿਰਾਸਤ ਵਜੋਂ ਵੇਖਦਾ ਹੈ) ਕੌਮਾਂਤਰੀ ਮੀਡੀਆ ਵਿੱਚ ਆਲੋਚਨਾ ਦਾ ਵਿਸ਼ਾ ਰਿਹਾ ਹੈ। ਪੰਜਾਬ ਦੇ ਮੁੱਖ ਮੰਤਰੀ ਨੇ ਯੋਗੀ ਦੇ ਟਵੀਟ ਨੂੰ ਭਾਜਪਾ ਦੇ ਪੱਖ ਤੋਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ ਵਿਚ ਬਦਅਮਨੀ ਫੈਲਾਉਣ ਦੀ ਸਾਜ਼ਿਸ਼ ਕਰਾਰ ਦਿੱਤਾ।



# ਗੁਪਤ ਰਸਤੇ ਰਾਹੀ ਅਪਣੀਆਂ ਦੁਕਾਨਾਂ ਤੇ ਸਾਮਾਨ ਵੇਚ ਰਹੇ ਦੁਕਾਨਦਾਰਾਂ ਨੂੰ ਵਾਰਨਿੰਗ ਦੇਕੇ ਛੱਡਿਆ

**ਨਕੋਦਰ (ਸਿਡਾਨਾ/ ਵਰੁਣ ਪੁਰੀ)** ਸਥਾਨਕ ਥਾਣਾ ਸਿਟੀ ਨਕੋਦਰ ਪੁਲਿਸ ਨੇ ਪੰਜਾਬ ਸਰਕਾਰ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾ ਦੀ ਪਾਲਣਾ ਕਰਦਿਆਂ ਸ਼ਹਿਰ ਵਿੱਚ ਵੀਕੈਂਡ ਲਾਕਡਾਉਣ ਦੇ ਚੱਲਦਿਆਂ ਕਾਨੂੰਨ ਦੀ ਪਾਲਣਾ ਨਾ ਕਰਨ ਵਾਲੇ ਦੁਕਾਨਦਾਰਾਂ ਦੇ ਖਿਲਾਫ਼ ਛਿਕੰਜ਼ਾ ਕੱਸਦਿਆਂ ਅਤੇ ਚੋਰੀ ਛਿੱਪੇ ਲਾਕਡਾਉਣ ਦੇ ਸਮੇਂ ਵਿੱਚ ਸਾਮਾਨ ਵੇਚਣ ਵਾਲੇ ਕੁੱਝ ਦੁਕਾਨਦਾਰਾਂ ਨੂੰ ਸਖਤ ਚਿਤਾਵਨੀ ਦੇਂਦਿਆਂ ਛੱਡਿਆ ਗਿਆ। ਥਾਣਾ ਸਿਟੀ ਮੁਖੀ ਜਿਤੇਦੰਰ ਕੁਮਾਰ ਨੇ ਖੁਦ ਕਮਾਨ ਸੰਭਾਲਦਿਆਂ ਮੋਟਰ ਸਾਇਕਲ ਰਾਹੀਂ ਸ਼ਹਿਰ ਦੇ ਅੰਦਰੂਨੀ ਹਿੱਸਿਆਂ ਦੇ ਬਜ਼ਾਰਾਂ 'ਚ ਗਸ਼ਤ ਕੀਤੀ। ਗਸ਼ਤ ਦਰਮਿਆਨ ਪਾਇਆ ਕਿ ਕੁੱਝ ਦੁਕਾਨਦਾਰ ਗੁਪਤ ਰਸਤੇ ਰਾਹੀ ਅਪਣੀਆਂ ਦੁਕਾਨਾਂ ਤੇ ਸਾਮਾਨ ਵੇਚ ਰਹੇ ਸੀ। ਉਹਨਾਂ ਦੁਕਾਨਦਾਰਾਂ ਨੂੰ ਕਾਬੂ ਕਰਕੇ ਪੁਲਿਸ ਸਟੇਸ਼ਨ ਅੰਦਰ ਲਿਆਕੇ ਉਨ੍ਹਾਂ ਨੂੰ ਸਖ਼ਤ ਵਾਰਨਿੰਗ ਦੇਕੇ ਛੱਡਿਆ ਗਿਆ। ਥਾਣਾ ਸਿਟੀ ਪ੍ਰਭਾਰੀ ਨੇ ਅਪੀਲ ਕਰਦਿਆਂ ਸ਼ਹਿਰ ਦੇ ਸਮੂਹ ਦੁਕਾਨਦਾਰਾਂ ਅਤੇ ਰੇਹੜੀ ਵਾਲਿਆਂ ਨੂੰ ਲਾਕਡਾਉਣ ਸਮੇਂ ਪੁਲਿਸ ਦਾ ਸਹਿਯੋਗ ਕਰਨ ਲਈ ਕਿਹਾ ਗਿਆ।




# ਪਲਸ ਆਕਸੀਮੀਟਰ ਵਾਪਸ ਕਰਕੇ ਕੋਰੋਨਾ ਦੀ ਜੰਗ 'ਚ ਸਰਕਾਰ ਦਾ ਸਾਥ ਦਿਓ

**ਜਲੰਧਰ (ਰਾਜੇਸ਼ ਮਿੱਕੀ)** ਪੰਜਾਬ ਸਰਕਾਰ ਵੱਲੋਂ ਪਿੱਛਲੇ ਸਾਲ ਕੋਵਿਡ -19 ਪ੍ਰਭਾਵਿਤ ਮਰੀਜਾਂ ਨੂੰ ਅਸਰਦਾਰ ਡਾਕਟਰੀ ਦੇਖਭਾਲ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ ਘਰਾਂ ਵਿੱਚ ਇਕਾਂਤਵਾਸ ਮਰੀਜਾਂ ਨੂੰ 'ਕੋਰੋਨਾ ਫਤਿਹ ਕਿੱਟਾਂ' ਮੁਹੱਈਆ ਕਰਵਾਉਣ ਦੀ ਪਹਿਲ ਕੀਤੀ ਗਈ ਸੀ। ਇਸ ਕਿੱਟ ਵਿੱਚ ਪਲਸ ਆਕਸੀਮੀਟਰ, ਸਟੀਮਰ, ਡਿਜੀਟਲ ਥਰਮਾਮੀਟਰ, ਦਵਾਈਆਂ, ਮਾਸਕ ਦੇ ਨਾਲ ਨਾਲ ਕੋਵਿਡ-19 ਨਾਲ ਸੰਬੰਧਤ ਦਵਾਈਆਂ ਤੇ ਇਲਾਜ ਲਈ ਜਾਗਰੂਕਤਾ ਸਮੱਗਰੀ ਘਰਾਂ ਵਿੱਚ ਇਕਾਂਤਵਾਸ ਮਰੀਜਾਂ ਨੂੰ ਉਪਲਬੱਧ ਕਰਵਾਈ ਗਈ ਸੀ। ਹੁਣ ਪੰਜਾਬ ਦੇ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਵਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਜਿਹੜੇ-ਜਿਹੜੇ ਵਿਅਕਤੀ ਕੋਰੋਨਾ ਜੰਗ ਜਿੱਤ ਕੇ ਤੰਦਰੁਸਤ ਹੋ ਚੁੱਕੇ ਹਨ, ਉਹ ਕਿਰਪਾ ਕਰਕੇ ਆਪਣੇ-ਆਪਣੇ ਪਲਸ ਆਕਸੀਮੀਟਰ ਆਪਣੀ ਨੇੜਲੀ ਡਿਸਪੈਂਸਰੀ ਜਾਂ ਹਸਪਤਾਲ ਵਿਚ ਜਮਾਂ ਕਰਵਾਉਣ ਤਾਂ ਜੋ ਇਕਾਂਤਵਾਸ ਹੋਏ ਕੋਵਿਡ-19 ਮਰੀਜਾਂ ਨੂੰ ਪਰੇਸ਼ਾਨੀ ਪੇਸ਼ ਨਾ ਆਏ।

ਇਸ ਮੌਕੇ ਸਿਵਲ ਸਰਜਨ ਜਲੰਧਰ ਡਾ. ਬਲਵੰਤ ਸਿੰਘ ਨੇ ਕਿਹਾ ਕਿ ਮੈਂ ਸਮੂਹ ਜਲੰਧਰ ਵਾਸੀਆਂ ਨੂੰ ਅਪੀਲ ਕਰਦਾ ਹਾਂ ਕਿ ਉਹ ਇਸ ਮੁਸ਼ਕਿਲ ਦੀ ਘੜੀ ਵਿੱਚ ਅੱਗੇ ਆਉਣ ਤੇ ਸਰਕਾਰ ਦਾ ਸਹਿਯੋਗ ਕਰਨ ਅਤੇ ਕੋਵਿਡ-19 ਨਾਲ ਪ੍ਰਭਾਵਿਤ ਹੋਰ ਨਾਗਰਿਕਾਂ ਦੀ ਮਦਦ ਕਰਕੇ ਇਸ ਲੜਾਈ ਵਿਰੁੱਧ ਸਹਿਯੋਗ ਕਰਨ ਅਤੇ ਠੀਕ ਹੋ ਗਏ ਵਿਅਕਤੀ ਆਪਣੇ ਨੇੜਲੇ ਸਿਹਤ ਕੇਂਦਰ ਵਿਚ ਪਲਸ ਆਕਸੀਮੀਟਰ ਜਮਾ ਕਰਵਾਉਣ ਤਾਂ ਜੋ ਉਨ੍ਹਾਂ ਨੂੰ ਸੈਨੇਟਾਈਜ਼ ਕਰਨ ਤੋਂ ਕੋਵਿਡ-19 ਪੋਜੀਟਿਵ ਮਰੀਜਾਂ ਨੂੰ ਉਪਲੱਬਧ ਕਰਵਾਇਆ ਜਾ ਸਕੇ।

ਸਿਵਲ ਸਰਜਨ ਨੇ ਕਿਹਾ ਕਿ ਜੇਕਰ ਕਿਸੇ ਵੀ ਵਿਅਕਤੀ ਨੂੰ ਹਲਕੇ ਲੱਛਣ



ਹੁੰਦੇ ਹਨ ਤਾਂ ਹਸਪਤਾਲ ਵਿੱਚ ਭਰਤੀ ਹੋਣ ਦੀ ਲੋੜ ਨਹੀਂ ਹੈ, ਆਪਣੇ ਨਜ਼ਦੀਕੀ ਸਿਹਤ ਕੇਂਦਰ ਜਾਂ ਡਾਕਟਰੀ ਸਲਾਹ ਲੈ ਕੇ ਘਰ ਵਿੱਚ ਹੀ ਇਕਾਂਤਵਾਸ ਹੋ ਕੇ ਕੋਰੋਨਾ ਤੋਂ ਜੰਗ ਜਿੱਤੀ ਜਾ ਸਕਦੀ ਹੈ। ਨਾਲ ਹੀ ਉਨ੍ਹਾਂ ਕਿਹਾ ਕਿ ਜੇਕਰ ਅਸੀਂ ਕੋਰੋਨਾ ਨੂੰ ਹਰਾਉਣਾ ਹੈ ਤਾਂ ਸਰਕਾਰ ਵਲੋਂ ਜਾਰੀ ਕੋਰੋਨਾ ਨਿਯਮਾਂ ਮਾਸਕ ਲਗਾਉਣਾ, ਸੋਸ਼ਲ ਡਿਸਟੈਂਸਿੰਗ ਅਤੇ ਵਾਰ-ਵਾਰ ਹੱਥ ਧੋਣਾ ਦੀ ਪਾਲਨਾ ਨੂੰ ਜਿੰਦਗੀ ਦਾ ਹਿੱਸਾ ਬਣਾਇਏ ਅਤੇ ਘਰੋਂ ਲੋੜ ਪੈਣ ਤੇ ਹੀ ਬਾਹਰ ਨਿਕਲਿਏ ਅਤੇ ਭੀੜ ਵਾਲੀ ਥਾਂ ਤੇ ਜਾਣ ਤੋਂ ਗੁਰੇਜ ਕਰੀਏ।

# ਫਰੀਦਕੋਟ: ਖੰਡ ਮਿੱਲ ਦੀ ਮਿੱਟੀ ਰੋਲਣ ਲੱਗੀ ਸਰਕਾਰ

**ਫਰੀਦਕੋਟ।** ਕਰੋਨਾ ਮਹਾਮਾਰੀ ਦੌਰਾਨ ਜਿੱਥੇ ਦੇਸ਼ ਦੇ ਲੋਕ ਆਕਸੀਜਨ ਦੀ ਘਾਟ ਕਾਰਨ ਆਪਣੀਆਂ ਜਾਨਾਂ ਗਵਾ ਰਹੇ ਹਨ, ਉੱਥੇ ਹੀ ਫ਼ਰੀਦਕੋਟ ਪ੍ਰਸ਼ਾਸਨ ਨੇ ਪਿਛਲੇ ਕਰੀਬ ਵੀਹ ਸਾਲ ਤੋਂ ਬੰਦ ਪਈ ਫ਼ਰੀਦਕੋਟ ਦੀ ਸਹਿਕਾਰੀ ਸ਼ੂਗਰ ਮਿੱਲ ਵਿੱਚ ਖੜ੍ਹੇ ਹਜ਼ਾਰਾਂ ਰੁੱਖਾਂ ਨੂੰ ਚੁੱਪ ਚੁਪੀਤੇ ਪੁਟਵਾ ਦਿੱਤਾ ਹੈ ਅਤੇ ਬਾਕੀ ਰਹਿੰਦੇ ਰੁੱਖਾਂ ਨੂੰ ਵੀ ਲਗਾਤਾਰ ਪੁੱਟਿਆ ਜਾ ਰਿਹਾ ਹੈ।

ਸੂਚਨਾ ਅਨੁਸਾਰ ਫ਼ਰੀਦਕੋਟ-ਕੋਟਕਪੂਰਾ ਸੜਕ 'ਤੇ 135 ਏਕੜ ਵਿੱਚ ਬਣੀ ਸ਼ੂਗਰ ਮਿੱਲ ਸਾਲ 2006 ਤੋਂ ਬੰਦ ਪਈ ਹੈ ਅਤੇ ਸਰਕਾਰ ਨੇ ਇਸ ਥਾਂ 'ਤੇ ਪੁੱਡਾ ਕਲੋਨੀ ਵਸਾਉਣ ਦਾ ਫ਼ੈਸਲਾ ਲਿਆ ਹੈ। ਹਾਲਾਂਕਿ ਚੋਣਾਂ ਤੋਂ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਨੇ ਇਸ ਸ਼ੂਗਰ ਮਿੱਲ ਵਿੱਚ ਆ ਕੇ ਵਾਅਦਾ ਕੀਤਾ ਸੀ ਕਿ ਉਨ੍ਹਾਂ ਦੀ ਸਰਕਾਰ ਆਈ ਤਾਂ ਸ਼ੂਗਰ ਮਿੱਲ ਨੂੰ ਮੁੜ ਚਲਾਇਆ ਜਾਵੇਗਾ ਪਰ ਕੈਪਟਨ ਸਰਕਾਰ ਆਉਣ ਤੋਂ ਤੁਰੰਤ ਬਾਅਦ ਫ਼ਰੀਦਕੋਟ ਦੀ ਸ਼ੂਗਰ ਮਿੱਲ ਦੀ ਮਸ਼ੀਨਰੀ ਨੂੰ ਭੋਗਪੁਰ ਤਬਦੀਲ ਕਰ ਦਿੱਤਾ ਗਿਆ ਸੀ ਅਤੇ ਸ਼ੂਗਰ ਮਿੱਲ ਦੇ 135 ਏਕੜ ਦੇ ਵਿਸ਼ਾਲ ਜੰਗਲ ਨੂੰ ਵੀ ਪੁੱਟਣ ਦੇ ਆਦੇਸ਼ ਦੇ ਦਿੱਤੇ ਸਨ। ਖੰਡ ਮਿੱਲ ਦੇ ਅਧਿਕਾਰੀਆਂ ਨੇ 67 ਲੱਖ ਰੁਪਏ ਵਿੱਚ ਸ਼ੂਗਰ ਮਿੱਲ ਦੇ ਸਾਰੇ ਜੰਗਲ ਨੂੰ ਵੇਚ ਦਿੱਤਾ ਹੈ।

ਇਸ ਜੰਗਲ ਵਿੱਚ ਇਸ ਵੇਲੇ 4 ਲੱਖ ਤੋਂ ਵੱਧ ਰੁੱਖ ਹਨ, ਜਿਨ੍ਹਾਂ ਦੀ



ਉਮਰ 25 ਤੋਂ 30 ਸਾਲ ਦੀ ਹੈ। ਵਿਸ਼ਾਲ ਜੰਗਲ ਹੋਣ ਕਾਰਨ ਇੱਥੇ ਮੋਰ, ਤਿੱਤਰ, ਖਰਗੋਸ਼ ਅਤੇ ਹੋਰ ਦੁਰਲੱਭ ਪ੍ਰਜਾਤੀਆਂ ਦੇ ਸੈਂਕੜੇ ਪੰਛੀ ਰਹਿ ਰਹੇ ਹਨ। ਇਸ ਤੋਂ ਇਲਾਵਾ ਇਸ ਜੰਗਲ ਵਿੱਚ ਫ਼ਲਦਾਰ ਬੂਟੇ ਵੀ ਹਨ, ਜਿਨ੍ਹਾਂ ਵਿੱਚ ਅੰਬ, ਅਮਰੂਦ, ਚੀਕੂ, ਬੇਰੀਆਂ ਆਦਿ ਪ੍ਰਮੁੱਖ ਤੌਰ 'ਤੇ ਸ਼ਾਮਲ ਹਨ।

# ਪਿੰਡ ਪੀਰ ਇਸਮਾਈਲ ਖਾਂ ਦੀ ਇਕਾਈ ਦਾ ਹੋਇਆ ਗਠਨ



**ਫਿਰੋਜ਼ਪੁਰ (ਅਸ਼ੋਕ ਭਾਰਦਵਾਜ)** ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਪੰਜਾਬ ਜਸਬੀਰ ਸਿੰਘ ਜੱਸਾ ਮਾਛੀਵਾੜਾ ਜ਼ਿਲ੍ਹਾ ਫਿਰੋਜ਼ਪੁਰ ਮੀਤ ਪ੍ਰਧਾਨ ਦੀ ਅਗਵਾਈ ਹੇਠ ਪਿੰਡ ਪੀਰ ਇਸਮਾਈਲ ਖਾਂ ਦੀ ਇਕਾਈ ਦਾ ਗਠਨ ਕੀਤਾ ਗਿਆ ਜਿਸ ਵਿਚ ਮਾਹਲਾ ਨਾਗਪਾਲ ਨੂੰ ਸਾਰਿਆਂ ਦੀ ਸਰਬ ਸਹਿਮਤੀ ਨਾਲ ਪ੍ਰਧਾਨ ਨਿਯੁਕਤ ਕੀਤਾ ਗਿਆ ਅਤੇ ਸੁਖਦੇਵ ਸਿੰਘ ਜੋਸਨ ਨੂੰ ਮੀਤ ਪ੍ਰਧਾਨ ਗੁਰਦੀਪ ਸਿੰਘ ਖਜਾਨਚੀ ਇਕਬਾਲ ਸਿੰਘ ਜਨਰਲ ਸੈਕਟਰੀ ਦੇ ਅਹੁਦੇ ਨਾਲ ਨਿਵਾਜਿਆ ਗਿਆ ਨਾਲ ਹੀ ਜੱਸਾ ਮਾਛੀਵਾੜਾ ਨੇ ਪਿੰਡ ਪੀਰ ਇਸਮਾਇਲ ਖਾਂ ਦੇ ਕਿਸਾਨ ਭਰਾਵਾਂ ਨੂੰ ਇਹ ਵਿਸ਼ਵਾਸ ਦੁਆਇਆ ਕਿ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਕਿਸਾਨਾਂ ਦੇ ਨਾਲ ਹਰ ਮੁਸ਼ਕਲ ਵਿੱਚ ਮੋਢਾ ਜੋੜ ਕੇ ਖੜ੍ਹੇਗੀ ਹਰ ਮੁਸ਼ਕਲ ਦਾ ਹੱਲ ਕਰੇਗੀ ਨਾਲ ਹੀ ਕਿਸਾਨਾਂ ਵੱਲੋਂ ਇਹ ਵਿਸ਼ਵਾਸ ਦੁਆਇਆ ਗਿਆ ਕਿ ਦਿੱਲੀ ਧਰਨੇ ਵਿੱਚ ਵੱਧ ਤੋਂ ਵੱਧ ਸਾਥ ਦੇਵਾਂਗੇ ਜਿੰਨਾ ਚਿਰ ਕਾਨੂੰਨ ਰੱਦ ਨਹੀਂ ਹੁੰਦੇ ਓਨਾ ਚਿਰ ਵਾਪਸ ਨਹੀਂ ਆਵਾਂਗੇ ਇਸ ਮੌਕੇ ਤੇ ਗੁਰਮੇਜ ਸਿੰਘ ਮਮਦੋਟ ਬਲਾਕ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਬਲਵੀਰ ਸਿੰਘ ਮੈਂਬਰ ਗੋਰਾ ਸਰਪੰਚ ਅਮਰੀਕ ਸਿੰਘ ਅਵਤਾਰ ਸਿੰਘ ਬਲਾਕ ਪ੍ਰਧਾਨ ਫਿਰੋਜ਼ਪੁਰ ਸਿਟੀ ਧਰਮਪਾਲ ਪਿੰਡ ਸ਼ੇਰਖਾਂ ਅਤੇ ਹੋਰ ਕਈ ਕਿਸਾਨ ਆਗੂ ਸ਼ਾਮਲ ਸਨ।

# ਘਰ ਘਰ ਦਾਖ਼ਲਾ ਮੁਹਿੰਮ ਦੇ ਤੁਗਲਕੀ ਫ਼ਰਮਾਨ ਨਹੀਂ ਪ੍ਰਵਾਨ- ਡੀ.ਟੀ.ਐੱਫ

**ਫਿਰੋਜ਼ਪੁਰ ( ਅਸ਼ੋਕ ਭਾਰਦਵਾਜ )** ਇੱਕ ਪਾਸੇ ਪੰਜਾਬ ਸਰਕਾਰ ਵੱਲੋਂ ਕੋਰੋਨਾ ਮਹਾਂਮਾਰੀ ਦੇ ਵਧਦੇ ਪ੍ਰਕੋਪ ਤੋਂ ਬਚਾਅ ਲਈ ਸਕੂਲ ਤੇ ਹੋਰ ਅਦਾਰੇ ਬੰਦ ਕਰਕੇ ਲੌਕ ਡਾਊਨ ਪਾਬੰਦੀਆਂ ਲਗਾ ਰਹੀ ਹੈ ਪਰ ਦੂਸਰੇ ਪਾਸੇ ਸਰਕਾਰ ਦਾ ਚਹੇਤਾ ਸਿੱਖਿਆ ਸਕੱਤਰ ਅਧਿਆਪਕਾਂ ਨੂੰ ਘਰ ਘਰ ਜਾ ਕੇ ਸਕੂਲ ਦਾਖ਼ਲਾ ਮੁਹਿੰਮ ਚਲਾਉਣ ਦੇ ਤੁਗਲਕੀ ਫੁਰਮਾਨ ਕਰ ਰਿਹਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਡੈਮੋਕਰੈਟਿਕ ਟੀਚਰਜ਼ ਫਰੰਟ ਪੰਜਾਬ ਦੇ ਸੂਬਾ ਪ੍ਰਧਾਨ ਦਿਗਵਿਜੇਪਾਲ ਸ਼ਰਮਾ,ਸੂਬਾ ਸਕੱਤਰ ਸਰਵਣ ਸਿੰਘ ਔਜਲਾ ਤੇ ਸੂਬਾ ਵਿੱਤ ਸਕੱਤਰ ਜਸਵਿੰਦਰ ਬਠਿੰਡਾ, ਰਾਜਦੀਪ ਸਿੰਘ ਸਾਈਆਂ ਵਾਲਾ ਜ਼ਿਲ੍ਹਾ ਪ੍ਰਧਾਨ ਫਿਰੋਜ਼ਪੁਰ, ਦੀਦਾਰ ਸਿੰਘ ਮੁੱਦਕੀ ਨੇ ਆਖਿਆ ਕਿ ਜਥੇਬੰਦੀ ਸਿੱਖਿਆ ਸਕੱਤਰ ਦੇ ਨਾਦਰਸ਼ਾਹੀ ਫਰਮਾਨਾਂ ਨੂੰ ਅਪ੍ਰਵਾਨ ਕਰਦੀ ਹੈ। ਆਗੂਆਂ ਨੇ ਸਪਸ਼ਟ ਕੀਤਾ ਕਿ ਘਰ ਘਰ ਦਾਖ਼ਲਾ ਮੁਹਿੰਮ ਵਿੱਚ ਜਾਂਦਿਆਂ ਪੰਜਾਬ ਦੇ 30 ਤੋਂ ਵੱਧ ਅਧਿਆਪਕ ਕੋਰੋਨਾ ਕਾਲ ਦੀ ਭੇਂਟ ਚੜ੍ਹਦਿਆਂ ਬੇਸ਼ਕੀਮਤੀ ਜਾਨਾਂ ਗੁਆ ਚੁੱਕੇ ਹਨ। ਸੂਬਾਈ ਅਧਿਆਪਕ ਆਗੂਆਂ ਕਰਨੈਲ ਸਿੰਘ ਚਿੱਟੀ, ਗੁਰਮੀਤ ਕੋਟਲੀ ਤੇ ਬਲਵੀਰ ਚੰਦ ਲੌਂਗੋਵਾਲ ਕੁਲਦੀਪ ਸਿੰਘ, ਬਲਰਾਮ ਸ਼ਰਮਾ, ਵਿਸ਼ਾਲ ਗੁਪਤਾ ਨੇ ਆਖਿਆ ਕਿਹਾ ਕਿ ਸਿੱਖਿਆ ਸਕੱਤਰ ਪੰਜਾਬ ਸਰਕਾਰ ਦੇ ਹੁਕਮਾਂ ਨੂੰ ਛਿੱਕੇ ਟੰਗਦਿਆਂ ਪੰਜਾਬ ਸਰਕਾਰ ਵੱਲੋਂ ਕੋਰੋਨਾ ਮਹਾਂਮਾਰੀ ਦੇ ਸੰਕਟ ਦੌਰਾਨ ਕੋਰੋਨਾ ਪੀੜਿਤ ਸਰਕਾਰੀ ਕਰਮਚਾਰੀਆਂ ਨੂੰ ਦਿੱਤੇ ਜਾਣ ਵਾਲੇ ਲਾਭ, ਕੁਆਰਨਟਾਈਨ ਛੁੱਟੀਆਂ ਦੇਣ ਤੋਂ ਵੀ ਇਨਕਾਰੀ ਹੋਇਆ ਬੈਠਾ ਹੈ। ਮਹਾਂਮਾਰੀ ਦੌਰਾਨ ਅਧਿਆਪਕਾਂ 'ਤੇ ਦਬਾਅ ਪਾ ਕੇ ਚਲਵਾਈ ਜਾ ਰਹੀ ਦਾਖ਼ਲਾ ਮੁਹਿੰਮ ਅਧਿਆਪਕਾਂ ਦੀਆਂ ਜ਼ਿੰਦਗੀਆਂ ਨਾਲ ਨੰਗਾ ਚਿੱਟਾ ਖਿਲਵਾੜ ਹੈ। ਇਸ ਦਾਖ਼ਲਾ ਮੁਹਿੰਮ ਨਾਲ ਸਿੱਖਿਆ ਸਕੱਤਰ ਅਧਿਆਪਕਾਂ ਨੂੰ ਮੌਤ ਦੇ ਮੂੰਹ ਧਕੇਲ ਰਿਹਾ ਹੈ। ਆਗੂਆਂ ਨੇ ਘਰ ਘਰ ਦਾਖ਼ਲਾ ਮੁਹਿੰਮ ਤੇ ਤੁਰੰਤ ਰੋਕ ਲਗਾਉਣ ਦੀ ਮੰਗ ਕਰਦਿਆਂ ਅਧਿਆਪਕਾਂ ਨੂੰ ਕਰੋਨਾ ਡਿਊਟੀ ਤੋਂ ਮੁਕਤ ਕਰਕੇ ਨਵਾਂ ਮੈਡੀਕਲ ਸਟਾਫ ਭਰਤੀ ਕਰਨ ਤੇ ਇਲਾਜ ਕਰਵਾ ਰਹੇ ਕੋਰੋਨਾ ਪੀੜਿਤ ਅਧਿਆਪਕਾਂ ਨੂੰ ਸੌ ਫੀ ਸਦੀ ਰੀਇੰਮਬਰਸਮੈਂਟ ਦੇਣਾ ਯਕੀਨੀ ਬਣਾਉਣ ਦੀ ਤਾਈਦ ਕੀਤੀ ਹੈ। ਅਧਿਆਪਕ ਆਗੂਆਂ ਨੇ ਕੋਰੋਨਾ ਤੇ ਸਕੂਲ ਦਾਖ਼ਲਾ ਮੁਹਿੰਮ ਦੀ ਡਿਊਟੀ ਕਰਦਿਆਂ ਜਾਨਾਂ ਗੁਆਉਣ ਵਾਲੇ ਸਾਰੇ ਅਧਿਆਪਕਾਂ ਲਈ 50 ਲੱਖ ਰੁਪਏ ਦਾ ਮੁਆਵਜ਼ਾ ਤੇ ਪਰਿਵਾਰ ਦੇ ਇੱਕ ਮੈਂਬਰ ਲਈ ਸਰਕਾਰੀ ਨੌਕਰੀ ਦੀ ਮੰਗ ਵੀ ਕੀਤੀ ਹੈ। ਆਗੂਆਂ ਨੇ ਕਿਹਾ ਕਿ ਜੇਕਰ ਸਰਕਾਰ ਤੇ ਸਿੱਖਿਆ ਵਿਭਾਗ ਉੱਕਤ ਜਾਇਜ਼ ਮੰਗਾਂ ਦੀ ਪੂਰਤੀ ਲਈ ਸਾਰਥਿਕ ਕਦਮ ਨਾ ਉਠਾਏ ਤਾਂ ਜਥੇਬੰਦੀ ਭਰਾਤਰੀ ਜਨਤਕ ਜਥੇਬੰਦੀਆਂ ਦੇ ਸਹਿਯੋਗ ਨਾਲ ਸੰਘਰਸ਼ ਵਿੱਢੇਗੀ।

# 5 ਕਿਲੋ ਚੂਰਾ ਪੋਸਤ ਅਤੇ 45 ਕਿਲੋ ਲਾਹਣ ਬਰਾਮਦ ਕਰਕੇ ਦੋ ਵਿਅਕਤੀਆਂ ਖਿਲਾਫ ਹੋਇਆ ਮੁਕੱਦਮਾ ਦਰਜ

**ਫਿਰੋਜ਼ਪੁਰ (ਅਸ਼ੋਕ ਭਾਰਦਵਾਜ )** ਥਾਣਾ ਗੁਰੂਹਰਸਹਾਏ ਦੀ ਪੁਲਿਸ ਨੇ ਗਸ਼ਤ ਅਤੇ ਛਾਪੇਮਾਰੀ ਦੌਰਾਨ ਵੱਖ ਵੱਖ ਥਾਵਾਂ ਤੋਂ 5 ਕਿਲੋ ਚੂਰਾ ਪੋਸਤ ਅਤੇ 45 ਕਿਲੋ ਲਾਹਣ ਬਰਾਮਦ ਕਰਕੇ ਦੋ ਵਿਅਕਤੀਆਂ ਖਿਲਾਫ ਐੱਨਡੀਪੀਐੱਸ ਐਕਟ ਅਤੇ ਆਬਕਾਰੀ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਇੰਸਪੈਕਟਰ ਜਸਵਰਿੰਦਰ ਸਿੰਘ ਨੇ ਦੱਸਿਆ ਕਿ ਏਐੱਸਆਈ ਬਲਜੀਤ ਸਿੰਘ ਦੀ ਅਗਵਾਈ ਵਿਚ ਪੁਲਿਸ ਪਾਰਟੀ ਬੀਤੀ ਸ਼ਾਮ ਗਸ਼ਤ ਵਾ ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸਬੰਧ ਵਿਚ ਪਿੰਡ ਸੋਹਣਗੜ੍ਹ ਰੱਤੇਵਾਲਾ ਵਿਖੇ ਮੌਜੂਦ ਸੀ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਦੋਸ਼ੀ ਦਵਿੰਦਰ ਕੁਮਾਰ ਪੁੱਤਰ ਸਰਬਨ ਸਿੰਘ ਵਾਸੀ ਪਿੰਡ ਸੋਹਣਗੜ੍ਹ ਰੱਤੇਵਾਲਾ ਚੂਰਾ ਪੋਸਤ ਵੇਚਣ ਦਾ ਆਦੀ ਹੈ, ਜੇਕਰ ਹੁਣੇ ਹੀ ਦਵਿੰਦਰ ਕੁਮਾਰ ਦੇ ਰਿਹਾਇਸ਼ੀ ਮਕਾਨ 'ਤੇ ਛਾਪੇਮਾਰੀ ਕੀਤੀ ਜਾਵੇ ਤਾਂ ਉਸ ਪਾਸੋਂ ਭੁੱਕੀ ਚੂਰਾ ਪੋਸਤ ਬਰਾਮਦ ਹੋ ਸਕਦਾ ਹੈ। ਪੁਲਿਸ ਪਾਰਟੀ ਵੱਲੋਂ ਦੋਸ਼ੀ 'ਤੇ ਛਾਪੇਮਾਰੀ ਕੀਤੀ ਗਈ ਤਾਂ ਦੋਸ਼ੀ ਮੌਕੇ ਤੋਂ ਫਰਾਰ ਹੋ ਗਿਆ ਤੇ ਮੌਕੇ 'ਤੇ 5 ਕਿਲੋ ਭੁੱਕੀ ਚੂਰਾ ਪੋਸਤ ਬਰਾਮਦ ਹੋਇਆ। ਇਸੇ ਹੀ ਥਾਣੇ ਦੇ ਏਐੱਸਆਈ ਮਹਿਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਿਸ ਪਾਰਟੀ ਬੀਤੀ ਸ਼ਾਮ ਬਸਤੀ ਮੱਘਰ ਸਿੰਘ ਵਾਲੀ ਵਿਖੇ ਮੌਜੂਦ ਸੀ ਤਾਂ ਇਸ ਦੌਰਾਨ ਉਨ੍ਹਾਂ ਨੂੰ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਦੋਸ਼ੀ ਬੱਬੂ ਪੁੱਤਰ ਅਜੀਤ ਸਿੰਘ, ਵਾਸੀ ਬਸਤੀ ਮੱਘਰ ਸਿੰਘ ਵਾਲੀ ਨਾਜਾਇਜ਼ ਸ਼ਰਾਬ ਵੇਚਣ ਦਾ ਆਦੀ ਹੈ, ਜੇਕਰ ਹੁਣੇ ਛਾਪੇਮਾਰੀ ਕੀਤੀ ਜਾਵੇ ਤਾਂ ਨਾਜਾਇਜ਼ ਸ਼ਰਾਬ ਜਾਂ ਲਾਹਣ ਬਰਾਮਦ ਹੋ ਸਕਦੀ ਹੈ। ਪੁਲਿਸ ਪਾਰਟੀ ਵੱਲੋਂ ਦੋਸ਼ੀ 'ਤੇ ਛਾਪੇਮਾਰੀ ਕੀਤੀ ਗਈ ਤਾਂ ਦੋਸ਼ ਮੌਕੇ ਤੋਂ ਫਰਾਰ ਹੋ ਗਿਆ, ਪਰ ਮੌਕੇ 'ਤੇ 45 ਕਿਲੋ ਲਾਹਣ ਬਰਾਮਦ ਹੋਈ।

# ਲੜਾਈ ਝਗੜੇ ਦੇ ਚੱਲਦਿਆਂ ਦੋ ਭਰਾਵਾਂ ਦੀ ਕੁੱਟਮਾਰ ਕਰਨ ਦੇ ਦੋਸ਼ ਵਿੱਚ 7 ਲੋਕਾਂ ਦੇ ਖਿਲਾਫ ਹੋਇਆ ਮੁਕੱਦਮਾ ਦਰਜ

**ਫਿਰੋਜ਼ਪੁਰ (ਅਸ਼ੋਕ ਭਾਰਦਵਾਜ)** ਫਿਰੋਜ਼ਪੁਰ ਸ਼ਹਿਰ ਸਥਿਤ ਗੋਲਬਾਗ ਸੋਕੜ ਨਹਿਰ ਵਿਖੇ ਲੜਾਈ ਝਗੜੇ ਦੇ ਚੱਲਦਿਆਂ ਦੋ ਭਰਾਵਾਂ ਦੀ ਕੁੱਟਮਾਰ ਕਰਨ ਦੇ ਦੋਸ਼ ਵਿਚ ਥਾਣਾ ਸਿਟੀ ਫਿਰੋਜ਼ਪੁਰ ਦੀ ਪੁਲਿਸ ਨੇ 7 ਲੋਕਾਂ ਖਿਲਾਫ 324, 323, 341, 148, 149 ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਿਸ ਨੂੰ ਦਿੱਤੇ ਬਿਆਨਾਂ ਵਿਚ ਰਾਹੁਲ ਪੁੱਤਰ ਜਗਸੀਰ ਸਿੰਘ ਵਾਸੀ ਗੋਲਬਾਗ ਸੋਕੜ ਨਹਿਰ ਸਿਟੀ ਫਿਰੋਜ਼ਪੁਰ ਨੇ ਦੱਸਿਆ ਕਿ 2-3 ਦਿਨ ਪਹਿਲਾ ਕਰਨ ਪੁੱਤਰ ਰਾਜੂ ਵਾਸੀ ਸੋਕੜ ਨਹਿਰ ਤੇ ਦੋਸ਼ੀ ਰੂਪੇ ਦੀ ਲੜਾਈ ਹੋਈ ਸੀ ਤੇ ਉਸ ਨੇ ਵੁਸ ਦੇ ਭਰਾ ਅਮਨ ਨੇ ਲੜਾਈ ਵਿਚ ਕਰਨ ਦਾ ਸਾਥ ਦਿੱਤਾ ਸੀ। ਰਾਹੁਲ ਨੇ ਦੱਸਿਆ ਕਿ ਇਸੇ ਰੰਜ਼ਿਸ਼ ਦੇ ਚੱਲਦਿਆਂ ਦੋਸ਼ੀਅਨ ਸੋਨੂੰ, ਮੋਨੂੰ ਪੁੱਤਰਾਨ ਵੱਸਣ, ਕਾਕਾ, ਰੂਪਾ, ਜਿਉਣਾ ਪੁੱਤਰਾਨ ਸਤਪਾਲ, ਚਿਮਨ ਪੁੱਤਰ ਸੂਜਾ, ਸਿਮਰ ਕੌਰ ਪਤਨੀ ਵੱਸਣ ਵਾਸੀਅਨ ਗੋਲਬਾਗ, ਸੋਕੜ ਨਹਿਰ ਨੇ ਹਮਮਸ਼ਵਰਾ ਹੋ ਕੇ ਉਸ ਦੀ ਤੇ ਉਸ ਦੇ ਭਰਾ ਅਮਨ ਨੂੰ ਘੇਰ ਕੇ ਕੁੱਟਮਾਰ ਕੀਤੀ ਤੇ ਸੱਟਾਂ ਮਾਰੀਆਂ। ਇਸ ਮਾਮਲੇ ਦੀ ਜਾਂਚ ਕਰ ਰਹੇ ਏਐੱਸਆਈ ਰਮਨ ਕੁਮਾਰ ਨੇ ਦੱਸਿਆ ਕਿ ਪੁਲਿਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਅਨ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

# ਕਪੂਰਥਲਾ ਪੁਲਿਸ ਨੇ 1100 ਲੋੜਵੰਦ ਪਰਿਵਾਰਾਂ ਨੂੰ ਪਹੁੰਚਾਇਆ ਭੋਜਨ-ਐਸ.ਐਸ.ਪੀ.

## ਲੋੜਵੰਦਾਂ ਨੂੰ 'ਭੋਜਨ ਹੈਲਪਲਾਇਨ' ਉੱਪਰ ਸੰਪਰਕ ਕਰਨ ਦੀ ਅਪੀਲ

**ਕਪੂਰਥਲਾ।** ਪੰਜਾਬ ਪੁਲਿਸ ਵਲੋਂ ਕੋਵਿਡ ਕਾਰਨ ਲੱਗੇ ਕਰਫਿਊ ਦੌਰਾਨ ਸਮਾਜ ਦੇ ਕਮਜ਼ੋਰ ਤਬਕੇ ਦੇ ਲੋਕਾਂ ਨੂੰ ਰਾਸ਼ਨ ਤੇ ਪੱਕਿਆ ਭੋਜਨ ਮੁਹੱਈਆ ਕਰਵਾਉਣ ਦੇ ਮਕਸਦ ਨਾਲ ਸ਼ੁਰੂ ਕੀਤੀ ਗਈ 'ਭੋਜਨ ਹੈਲਪਲਾਇਨ' ਤਹਿਤ ਕਪੂਰਥਲਾ ਜਿਲ੍ਹੇ ਵਿਚ 1100 ਪਰਿਵਾਰਾਂ ਨੂੰ ਸੁੱਕੀ ਰਸਦ ਤੇ ਪੱਕਿਆ ਭੋਜਨ ਉਪਲਬਧ ਕਰਵਾਇਆ ਗਿਆ ਹੈ। ਐਸ. ਐਸ.ਪੀ. ਕਪੂਰਥਲਾ ਸ਼੍ਰੀਮਤੀ ਕੰਵਰਦੀਪ ਕੌਰ ਨੇ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਡੀ.ਜੀ.ਪੀ. ਸ਼੍ਰੀ ਦਿਨਕਰ ਗੁਪਤਾ ਵਲੋਂ ਲੋੜਵੰਦਾਂ ਦੀ ਮਦਦ ਲਈ ਹੈਲਪ ਲਾਇਨ ਨੰਬਰ 181 ਤੇ 112 ਜਾਰੀ ਕੀਤੇ ਗਏ ਹਨ, ਜਿਸ ਤਹਿਤ 15 ਮਈ ਤੋਂ ਹੀ ਲੋੜਵੰਦਾਂ ਨੂੰ ਭੋਜਨ ਮੁਹੱਈਆ ਕਰਵਾਉਣ ਤੇ ਹੋਮ ਆਈਸੋਲੇਸ਼ਨ ਵਾਲੇ ਮਰੀਜ਼ਾਂ ਨੂੰ ਘਰ ਤੱਕ ਖਾਣਾ ਪਹੁੰਚਾਉਣ ਦੀ ਸੁਵਿਧਾ ਸ਼ੁਰੂ ਕੀਤੀ ਗਈ। ਉਨ੍ਹਾਂ ਦੱਸਿਆ ਕਿ ਜਿਲ੍ਹੇ ਦੇ 15 ਥਾਣਿਆਂ ਦੇ ਖੇਤਰ ਅਨੁਸਾਰ 15 ਹੀ ਵਿਸ਼ੇਸ਼ ਟੀਮਾਂ ਦਾ ਗਠਨ ਕੀਤਾ ਗਿਆ ਹੈ, ਜੋ ਕਿ 'ਭੋਜਨ ਹੈਲਪਲਾਇਨ' ਉੱਪਰ ਪ੍ਰਾਪਤ ਸੰਦੇਸ਼ ਅਨੁਸਾਰ ਲੋੜਵੰਦ ਨਾਲ ਤੁਰੰਤ ਸੰਪਰਕ ਕਰਕੇ ਉਸਨੂੰ ਪੱਕਿਆ ਭੋਜਨ ਮੁਹੱਈਆ ਕਰਵਾ ਰਹੇ ਹਨ। ਇਹ ਹੈਲਪਲਾਇਨ ਹਫਤੇ ਦੇ ਸਾਰੇ ਦਿਨ 24 ਘੰਟੇ ਕੰਮ ਕਰਦੀ ਹੈ। ਉਨ੍ਹਾਂ ਦੱਸਿਆ ਕਿ ਪੁਲਿਸ ਟੀਮਾਂ ਵਲੋਂ ਵਿਸ਼ੇਸ਼ ਕਰਕੇ ਜਿਲ੍ਹੇ ਅੰਦਰ ਝੁੱਗੀਆਂ ਝੌਂਪੜੀਆਂ ਤੇ ਹੋਰਨਾਂ ਕਮਜ਼ੋਰ ਤਬਕੇ ਵਾਲੇ ਖੇਤਰਾਂ ਅੰਦਰ ਆਪ ਪਹੁੰਚ ਕੀਤੀ ਜਾ ਰਹੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਹਰ ਥਾਣੇ ਅੰਦਰ ਖਾਣਾ ਤਿਆਰ ਕਰਨ ਵਾਲੀਆਂ ਮੈਸਾਂ ਵਿਚ ਵੀ ਭੋਜਨ ਤਿਆਰ ਕਰਨ ਦੀ ਸਮਰੱਥਾ ਵਧਾਈ ਜਾ ਰਹੀ ਹੈ। ਉਨ੍ਹਾਂ ਜ਼ਰੂਰਤਮੰਦ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਔਖੀ ਘੜੀ ਵਿਚ ਪੰਜਾਬ ਪੁਲਿਸ ਦੀ ਹੈਲਪਲਾਇਨ ਉੱਪਰ ਸੰਪਰਕ ਕਰਨ।



**ਕਪੂਰਥਲਾ ਜਿਲ੍ਹੇ ਅੰਦਰ ਹੋਮ ਆਈਸੋਲੇਸ਼ਨ ਵਾਲੇ ਇਕ ਵਿਅਕਤੀ ਨੂੰ ਭੋਜਨ ਉਪਲਬਧ ਕਰਵਾਉਂਦੇ ਹੋਏ ਪੁਲਿਸ ਮੁਲਾਜਮ।**

# ਹਾਈਕੋਰਟ ਦੇ ਫੈਸਲੇ ਖਿਲਾਫ਼ ਅਪੀਲ ਕਰਨ ਦੀ ਦੇਰੀ ਨੇ ਕੀਤੀ ਕੈਪਟਨ ਸਰਕਾਰ ਦੀ ਮੰਸ਼ਾ ਜਾਹਿਰ- ਐਡਵੋਕੇਟ ਦਹੀਯਾ

- **ਕੁੰਵਰ ਵਿਜੇ ਪ੍ਰਤਾਪ ਸਿੰਘ ਹੋਏ ਰਾਜਨੀਤਿਕ ਸ਼ੜਯੰਤਰ ਦਾ ਸ਼ਿਕਾਰ**
- **ਇੰਸਾਫ ਦੀ ਆਸ ਲਾਏ ਲੋਕਾਂ ਦੇ ਚੇਹਰੇ ਮੁਰਝਾਏ।**

**ਫਿਰੋਜ਼ਪੁਰ (ਅਸ਼ੋਕ ਭਾਰਦਵਾਜ)** ਬਰਗਾੜੀ, ਬਹਿਬਲ ਕਲਾਂ ਮਾਮਲਿਆਂ ਤੋਂ ਬਾਅਦ ਕੋਟਕਪੂਰਾ ਗੋਲੀ ਕਾਂਡ ਨੂੰ ਲੈਕੇ ਦਰਜ ਕੇਸਾਂ ਵਿੱਚ ਹਾਈਕੋਰਟ ਦੇ ਫੈਸਲੇ ਨੂੰ ਆਏ ਤਕਰੀਬਨ ਸਵਾ ਮਹੀਨਾ ਹੋ ਚੁੱਕਾ ਹੈ ਪਰ ਅਜੇ ਤੱਕ ਕੈਪਟਨ ਸਰਕਾਰ ਵੱਲੋਂ ਮਾਣਯੋਗ ਸੁਪਰੀਮ ਕੋਰਟ ਵਿੱਚ ਅਪੀਲ ਦਾਇਰ ਨਾ ਕੀਤੀ ਗਈ ਹੈ। ਲੋਕਾਂ ਦੀਆਂ ਭਾਵਨਾਵਾਂ ਨਾਲ ਜੁੜੇ ਪੰਜਾਬ ਦੇ ਇਸ ਮੁੱਖ ਮੁੱਦੇ ਤੇ ਸਰਕਾਰ ਦੀ ਢਿੱਲ ਗੰਭੀਰ ਸਵਾਲਾਂ ਦੇ ਘੇਰੇ ਵਿੱਚ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਕਰਦਿਆਂ ਐਸਸੀ ਵਿੰਗ ਫਿਰੋਜ਼ਪੁਰ ਦੇ ਜ਼ਿਲ੍ਹਾ ਪ੍ਰਧਾਨ ਐਡਵੋਕੇਟ ਰਜਨੀਸ਼ ਦਹੀਯਾ ਨੇ ਪੰਜਾਬ ਸਰਕਾਰ ਤੋਂ ਜਲਦੀ ਹੀ ਅਪੀਲ ਦਾਇਰ ਕਰ ਫੈਸਲੇ ਤੇ ਰੋਕ ਲਗਾਉਣ ਦੀ ਅਰਜ਼ੀ ਸੁਪਰੀਮ ਕੋਰਟ ਵਿੱਚ ਪੇਸ਼ ਕਰਨ ਦੀ ਮੰਗ ਕੀਤੀ ਹੈ। 9 ਅਪ੍ਰੈਲ ਨੂੰ ਆਏ ਇਸ ਫੈਸਲੇ ਖਿਲਾਫ਼ ਅਪੀਲ ਵਿੱਚ ਦੇਰੀ ਕੈਪਟਨ ਸਰਕਾਰ ਦੀ ਮੰਸ਼ਾ ਵੀ ਜ਼ਾਹਿਰ ਕਰ ਰਹੀ ਹੈ। ਉਹਨਾਂ ਕਿਹਾ ਕਿ ਫੈਸਲੇ ਤੋਂ ਬਾਅਦ ਪੰਜਾਬ ਦੀਆਂ ਸਰਗਰਮੀਆਂ ਵਿੱਚ ਕਈ ਤਰ੍ਹਾਂ ਦੇ ਬਦਲਾਅ ਆ ਚੁੱਕੇ ਹਨ। ਫੈਸਲੇ ਦੇ ਚੱਲਦਿਆਂ ਫਰੀਦਕੋਟ ਜ਼ਿਲ੍ਹਾ ਕਚਿਹਰੀਆਂ ਵਿੱਚ ਚੱਲ ਰਹੇ ਮੁਕੱਦਮੇ ਹਾਲ ਦੀ ਘੜੀ ਵਿੱਚ ਮੁਲਤਵੀ ਪਏ ਹਨ। 89 ਪੇਜਾਂ ਦੀ ਜੱਜਮੇਂਟ ਪੜਨ ਤੋਂ ਬਾਅਦ ਐਡਵੋਕੇਟ ਦਹੀਯਾ ਨੇ ਕਿਹਾ ਇੰਜ ਲਗਦਾ ਹੈ ਕਿ ਐਸਆਈਟੀ ਪ੍ਰਮੁੱਖ ਅਤੇ ਸਾਬਕਾ ਆਈਜੀ ਕੁੰਵਰ ਵਿਜੇ ਪ੍ਰਤਾਪ ਸਿੰਘ ਰਾਜਨੀਤਿਕ ਸ਼ੜਯੰਤਰ ਦਾ ਸ਼ਿਕਾਰ ਹੋਏ ਹਨ। ਉਹਨਾਂ ਦੱਸਿਆ ਕਿ ਬੇਅਦਬੀਆਂ ਤੋਂ ਬਾਅਦ 2015 ਵਿੱਚ ਕੋਟਕਪੂਰਾ ਘਟਨਾ ਕੇਸ ਵਿੱਚ ਨਾਮਜ਼ਦ ਤੱਤਕਾਲੀਨ ਐਸਐਚਓ ਗੁਰਦੀਪ ਸਿੰਘ ਅਤੇ ਮੁਲਾਜ਼ਮ ਰਸ਼ਪਾਲ ਸਿੰਘ ਵਲੋਂ ਪੇਸ਼ ਪਟੀਸ਼ਨ ਵਿੱਚ ਉਹਨਾਂ ਦੇ ਖਿਲਾਫ ਦਰਜ਼ ਮਾਮਲਿਆਂ ਨੂੰ ਖ਼ਾਰਜ ਕਰਨ ਲਈ ਕੁੰਵਰ ਵਿਜੇ ਪ੍ਰਤਾਪ ਦੀ ਸਰਵਿਸ ਦੌਰਾਨ ਹੋਇਆਂ ਘਟਨਾਵਾਂ ਸਮੇਤ ਕਈ ਤੱਥਾਂ ਨੂੰ ਅਧਾਰ ਬਣਾਇਆ ਗਿਆ ਸੀ। ਕੁੰਵਰ ਵਿਜੇ ਪ੍ਰਤਾਪ ਨੇ ਵੀ ਅਸਤੀਫ਼ਾ ਦੇਣ ਤੋਂ ਬਾਅਦ ਪੰਜਾਬ ਦੇ ਐਡਵੋਕੇਟ ਜਨਰਲ ਅਤੁੱਲ ਨੰਦਾ ਸਮੇਤ ਇਸ ਮਾਮਲੇ ਦੀ ਪੈਰਵੀ ਕਰਦੀ ਲੀਗਲ ਟੀਮ ਵਲੋਂ ਕੇਸ ਦੀ ਕਮਜ਼ੋਰੀ ਨਾਲ ਲੜਨ ਅਤੇ ਅਦਾਲਤ ਵਿੱਚ ਮੁੱਖ ਮੁੱਦੇ ਤੇ ਬਹਿਸ ਕਰਨ ਸਬੰਧੀ ਕਾਰਗੁਜ਼ਾਰੀ ਤੇ ਵੀ ਸਵਾਲ ਚੁੱਕੇ ਸਨ। ਦਹੀਯਾ ਨੇ ਸਰਕਾਰ ਤੋਂ ਮੰਗ ਕੀਤੀ ਕਿ ਕੈਪਟਨ ਨੇ ਪਿਛਲੀ ਵਿਧਾਨਸਭਾ ਚੋਣਾਂ ਤੋਂ ਪਹਿਲਾਂ ਜੋ ਬਿਆਨਬਾਜ਼ੀ ਅਤੇ ਸਬੂਤਾਂ ਦੀ ਗੱਲ ਕੀਤੀ ਸੀ ਉਹਨਾਂ ਨੂੰ ਬਤੌਰ ਸਬੂਤ ਅਪੀਲ ਨਾਲ ਲਫ ਕਰਕੇ ਸੁਪਰੀਮ ਕੋਰਟ ਵਿੱਚ ਅਪੀਲ ਕੀਤੀ ਜਾਵੇ। ਹਾਈਕੋਰਟ ਦੇ ਫੈਸਲੇ ਤੋਂ ਬਾਅਦ ਇੰਸਾਫ ਦੀ ਝਾਕ ਵਿੱਚ ਬੈਠੇ ਪੰਜਾਬ ਦੇ ਲੋਕਾਂ ਦੇ ਚੇਹਰੇ ਫਿਲਹਾਲ ਮੁਰਝਾਏ ਹੋਏ ਹਨ।



# ਵਿਦਿਆਰਥੀ ਦੇ ਭਵਿੱਖ ਨੂੰ ਵਧੀਆ ਸੇਧ ਦੇਣ ਲਈ ਸਿੱਖਿਆ ਵਿਭਾਗ ਨੇ ਸਥਾਪਤ ਕੀਤਾ 'ਪੰਜਾਬ ਕੈਰੀਅਰ ਪੋਰਟਲ'

## ਘਰ ਬੈਠੇ ਹੀ ਵਿਦਿਆਰਥੀ ਉਚੇਰੀ ਸਿੱਖਿਆ ਤੇ ਰੁਜ਼ਗਾਰ ਦੇ ਖੇਤਰ ਅਸਾਨੀ ਨਾਲ ਲੱਭ ਸਕਣਗੇ

**ਫ਼ਿਰੋਜ਼ਪੁਰ (ਅਸ਼ੋਕ ਭਾਰਦਵਾਜ)** ਸਕੱਤਰ ਸਕੂਲ ਸਿੱਖਿਆ ਕ੍ਰਿਸ਼ਨ ਕੁਮਾਰ ਦੀ ਅਗਵਾਈ 'ਚ ਬੀਤੇ ਕੱਲ੍ਹ ਰਾਜ ਦੇ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਤੇ ਉਪ ਜਿਲ੍ਹਾ ਸਿੱਖਿਆ ਅਫਸਰਾਂ ਦੀ 'ਪੰਜਾਬ ਕੈਰੀਅਰ ਪੋਰਟਲ' ਸਬੰਧੀ ਜ਼ੂਮ ਐਪ ਰਾਹੀਂ ਆਯੋਜਿਤ ਸਿਖਲਾਈ ਵਰਕਸ਼ਾਪ 'ਚ ਇਹ ਗੱਲ ਉੱਭਰਕੇ ਸਾਹਮਣੇ ਆਈ ਕਿ ਉਕਤ ਪੋਰਟਲ ਵਿਦਿਆਰਥੀਆਂ ਨੂੰ ਆਪਣੇ ਕੈਰੀਅਰ ਸਬੰਧੀ ਯੋਗ ਅਗਵਾਈ ਦੇਵੇਗਾ। ਜਿਸ ਤਹਿਤ ਵਿਦਿਆਰਥੀ ਆਪਣੇ ਤੇ ਹੋਰਨਾਂ ਰਾਜਾਂ, ਬਾਹਰਲੇ ਮੁਲਕਾਂ ਵਿੱਚ ਆਪਣੀ ਉਚੇਰੀ ਸਿੱਖਿਆ ਦੇ ਖੇਤਰ ਦੀ ਚੋਣ ਕਰਕੇ, ਆਪਣੀ ਯੋਗਤਾ ਅਤੇ ਪਸੰਦ ਅਨੁਸਾਰ ਰੁਜ਼ਗਾਰ ਦੀ ਚੋਣ ਅਸਾਨੀ ਨਾਲ ਕਰ ਸਕਣਗੇ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ.) ਕੁਲਵਿੰਦਰ ਕੋਰ ਨੇ ਉਕਤ ਵਰਕਸ਼ਾਪ 'ਚ ਹਿੱਸਾ ਲੈਣ ਉਪਰੰਤ ਕੀਤਾ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਦੀ ਯੋਗ ਰਹਿਨੁਮਾਈ ਹੇਠ ਸਿੱਖਿਆ ਵਿਭਾਗ ਵੱਲੋਂ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦੀ ਗੁਣਾਤਮਿਕ ਸਿੱਖਿਆ ਲਈ ਨਿੱਤ ਦਿਨ ਨਵੇਂ ਉਪਰਾਲੇ ਕੀਤੇ ਜਾ ਰਹੇ ਹਨ। ਇਹਨਾਂ ਉਪਰਾਲਿਆਂ ਦੀ ਲੜੀ ਵਿੱਚ ਵਿਭਾਗ ਵੱਲੋਂ ਸਰਕਾਰੀ ਸਕੂਲਾਂ ਦੇ ਨੌਵੀਂ ਜਮਾਤ ਤੋਂ ਬਾਰ੍ਹਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੂੰ ਕੈਰੀਅਰ ਚੋਣ ਸਬੰਧੀ ਗਾਈਡੈਂਸ ਪ੍ਰਦਾਨ ਕਰਨ ਲਈ ਇੱਕ ਪੋਰਟਲ 'ਪੰਜਾਬ ਕੈਰੀਅਰ ਪੋਰਟਲ' ਸਥਾਪਤ ਕੀਤਾ ਗਿਆ ਹੈ। ਇਸ ਪੋਰਟਲ ਦੀ ਵਰਤੋਂ ਕਰਨ ਲਈ ਹਰ ਵਿਦਿਆਰਥੀ ਦੀ ਨਿੱਜੀ ਆਈ ਡੀ ਬਣਾਈ ਜਾਵੇਗੀ। ਜਿਸ ਦੀ ਵਰਤੋਂ ਕਰਦਿਆਂ ਵਿਦਿਆਰਥੀ ਆਪਣੇ ਦੇਸ਼ ਅਤੇ ਬਾਹਰਲੇ ਦੇਸ਼ਾਂ ਦੇ ਲਗਪਗ 21000 ਕਾਲਜਾਂ ਅਤੇ ਯੂਨੀਵਰਸਿਟੀਆਂ ਦੇ 450 ਦੇ ਕਰੀਬ ਕਿੱਤਿਆਂ, ਲਗਪਗ 1150 ਪ੍ਰਵੇਸ਼ ਪ੍ਰੀਖਿਆਵਾਂ ਅਤੇ ਲਗਪਗ 1200 ਵਜ਼ੀਫ਼ਿਆਂ ਦੀ ਜਾਣਕਾਰੀ ਹਾਸਲ ਕਰ ਸਕਣਗੇ। ਵਿਭਾਗ ਵੱਲੋਂ ਆਈ ਡੀ ਦੀ ਵਰਤੋਂ ਸਹੀ ਢੰਗ ਨਾਲ ਕਰਨ ਸਬੰਧੀ ਅਧਿਆਪਕਾਂ ਦੇ ਕਪੈਸਟੀ ਬਿਲਡ ਪ੍ਰੋਗਰਾਮ ਵੀ ਲਗਾਏ ਜਾ ਰਹੇ ਹਨ ਤਾਂ ਕਿ ਅਧਿਆਪਕ ਵਿਦਿਆਰਥੀਆਂ ਦਾ ਮਾਰਗਦਰਸ਼ਨ ਕਰ ਸਕਣ। ਉਪ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ.) ਕੋਮਲ ਅਰੋੜਾ ਨੇ ਦੱਸਿਆ ਕਿ ਇਸ ਪ੍ਰੋਜੈਕਟ ਨੂੰ ਯੂਨੀਸੈਫ, ਐਨਜੀਓ ਆਸਮਾਂ ਫਾਊਂਡੇਸ਼ਨ ਅਤੇ ਟਾਟਾ ਪਾਵਰ ਵੱਲੋਂ ਚਲਾਇਆ ਜਾ ਰਿਹਾ ਹੈ। ਰਾਜ ਦੇ ਲਗਪਗ 20000 ਸਕੂਲਾਂ ਦੇ ਨੌਵੀਂ ਜਮਾਤ ਤੋਂ ਬਾਰ੍ਹਵੀਂ ਜਮਾਤ ਤੱਕ ਦੇ ਲਗਪਗ 8.5 ਲੱਖ ਵਿਦਿਆਰਥੀਆਂ ਲਈ ਇਹ ਪ੍ਰੋਜੈਕਟ ਵਰਦਾਨ ਸਾਬਤ ਹੋਵੇਗਾ। ਪੰਜਾਬ ਸਰਕਾਰ ਦੀ ਯੋਗ ਅਗਵਾਈ ਤਹਿਤ ਇਹ ਪ੍ਰੋਜੈਕਟ ਲੜਕੀਆਂ ਨੂੰ ਉਚੇਰੀ ਸਿੱਖਿਆ ਦੇ ਖੇਤਰ ਵਿੱਚ ਆਪਣੇ ਕੌਸ਼ਲਾਂ ਦੇ ਅਧਾਰ 'ਤੇ ਸਹੀ ਸਟਰੀਮ ਦੀ ਚੋਣ ਕਰਕੇ ਰੁਜ਼ਗਾਰ ਪ੍ਰਾਪਤੀ ਵਿੱਚ ਖਾਸ ਤੌਰ 'ਤੇ ਸਹਾਈ ਹੋਵੇਗਾ।




# ਉਸਾਰੀ ਕਾਮਿਆਂ ਦੇ ਟੀਕਾਕਰਨ ਲਈ ਜਿਲ੍ਹਾ ਪ੍ਰਸ਼ਾਸ਼ਨ ਵਲੋਂ 'ਵਟਸ ਐਪ ਹੈਲਪਲਾਇਨ' ਨੰਬਰ ਜਾਰੀ

## ਨਿਰਮਾਣ ਠੇਕੇਦਾਰਾਂ ਨੂੰ ਕਾਮਿਆਂ ਸਬੰਧੀ ਵੇਰਵੇ ਭੇਜਣ ਦੇ ਹੁਕਮ

**ਕਪਰਥਲਾ।** ਕਪੂਰਥਲਾ ਜਿਲ੍ਹੇ ਅੰਦਰ ਉਸਾਰੀ ਕਾਮਿਆਂ ਦੇ ਤੇਜ਼ੀ ਨਾਲ ਟੀਕਾਕਰਨ ਨੂੰ ਮੁਕੰਮਲ ਕਰਕੇ ਕੰਸਟਰਕਸ਼ਨ ਉਦਯੋਗ ਨਾਲ ਜੁੜੇ ਕੰਮਾਂ ਦੀ ਰਫਤਾਰ ਨੂੰ ਤੇਜ ਕਰਨ ਦੇ ਮਕਸਦ ਨਾਲ ਜਿਲ੍ਹਾ ਪ੍ਰਸ਼ਾਸ਼ਨ ਵਲੋਂ ਇਕ 'ਵਟਸਐਪ ਹੈਲਪਲਾਇਨ 88400-35192 ' ਨੰਬਰ ਜਾਰੀ ਕੀਤਾ ਗਿਆ ਹੈ। ਡਿਪਟੀ ਕਮਿਸ਼ਨਰ ਸ਼੍ਰੀਮਤੀ ਦੀਪਤੀ ਉੱਪਲ ਨੇ ਦੱਸਿਆ ਕਿ ਇਸ ਨੰਬਰ ਰਾਹੀਂ ਉਸਾਰੀ, ਨਿਰਮਾਣ, ਭੱਠਿਆਂ ਆਦਿ ਉੱਪਰ ਕੰਮ ਕਰ ਰਹੇ ਮਜ਼ਦੂਰਾਂ ਦਾ ਡਾਟਾ ਬੇਸ ਤਿਆਰ ਕਰਕੇ ਉਨ੍ਹਾਂ ਦਾ ਟੀਕਾਕਰਨ ਤੇਜੀ ਨਾਲ ਕੀਤਾ ਜਾਵੇਗਾ। ਇਸ ਨਾਲ ਨਾ ਸਿਰਫ ਆਰਥਿਕ ਗਤੀਵਿਧੀਆਂ ਨੂੰ ਹੁਲਾਰਾ ਮਿਲੇਗਾ ਸਗੋਂ ਸਮਾਜ ਦੇ ਕਮਜ਼ੋਰ ਤਬਕੇ ਦੇ ਲੋਕਾਂ ਦਾ ਕੰਮਕਾਰ ਵੀ ਪ੍ਰਭਾਵਿਤ ਨਹੀਂ ਹੋਵੇਗਾ। ਉਨ੍ਹਾਂ ਦੱਸਿਆ ਕਿ ਨਿਰਮਾਣ ਖੇਤਰ ਵਿਚ ਲੱਗੇ ਠੇਕੇਦਾਰਾਂ ਨੂੰ ਕਿਹਾ ਗਿਆ ਹੈ ਕਿ ਉਹ ਉਪਰੋਕਤ ਹੈਲਪਲਾਇਨ ਉੱਪਰ ਨਿਰਮਾਣ ਕਾਰਜ ਵਾਲੇ ਸਥਾਨ, ਟੀਕਾਕਰਨ ਲਈ ਉਪਲਬਧ ਮਜ਼ਦੂਰਾਂ (ਉਮਰ 18 ਤੋਂ 44 ਵਿਚਕਾਰ) ਤੇ ਸੰਪਰਕ ਕੀਤੇ ਜਾਣ ਵਾਲੇ ਵਿਅਕਤੀ ਦਾ ਨਾਮ ਤੇ ਮੋਬਾਇਲ ਨੰਬਰ ਭੇਜਣ। ਉਨ੍ਹਾਂ ਉਦਯੋਗ ਵਿਭਾਗ ਤੇ ਕੰਸਟਰਕਸ਼ਨ ਬੋਰਡ ਦੇ ਅਧਿਕਾਰੀਆਂ ਨੂੰ ਕਿਹਾ ਕਿ ਉਹ ਇਹ ਯਕੀਨੀ ਬਣਾਉਣ ਟੀਕਾਕਰਨ ਲਈ ਯੋਗ ਉਸਾਰੀ ਕਾਮਿਆਂ ਨੂੰ ਵੈਕਸੀਨ ਜ਼ਰੂਰ ਲੱਗੇ ਤਾਂ ਜੋ ਮਹਾਂਮਾਰੀ ਨੂੰ ਰੋਕਣ ਵਿਚ ਸਹਾਇਤਾ ਮਿਲ ਸਕੇ।



# ਦੇਸ਼ ਵਿੱਚ ਕਰੋਨਾ ਦੇ ਨਵੇਂ 3.11 ਲੱਖ ਕੇਸ, 4077 ਮੌਤਾਂ

**ਨਵੀਂ ਦਿੱਲੀ।** ਦੇਸ਼ ਭਰ ਵਿਚ ਕਰੋਨਾ ਦੇ ਕੇਸ ਅੱਗੇ ਨਾਲ ਘੱਟ ਗਏ ਹਨ ਤੇ ਪਿਛਲੇ 24 ਘੰਟਿਆਂ ਵਿਚ ਨਵੇਂ 3.11 ਲੱਖ ਮਾਮਲੇ ਸਾਹਮਣੇ ਆਏ ਹਨ। ਕੇਂਦਰੀ ਸਿਹਤ ਮੰਤਰਾਲੇ ਵਲੋਂ ਜਾਰੀ ਅੰਕੜਿਆਂ ਅਨੁਸਾਰ 21 ਅਪਰੈਲ ਨੂੰ 2.95 ਲੱਖ ਕਰੋਨਾ ਪਾਜ਼ੇਟਿਵ ਕੇਸ ਸਨ, ਉਸ ਤੋਂ ਬਾਅਦ ਇਹ ਅੰਕੜੇ ਰੋਜ਼ਾਨਾ ਵਧਦੇ ਗਏ। ਪਿਛਲੇ ਇਕ ਦਿਨ ਵਿਚ ਸਭ ਤੋਂ ਵਧ ਮੌਤਾਂ ਮਹਾਰਾਸ਼ਟਰ ਵਿਚ 960 ਤੇ ਸਭ ਤੋਂ ਘੱਟ ਛੱਤੀਸਗੜ੍ਹ ਵਿਚ 129 ਹੋਈਆਂ ਹਨ ਜਦਕਿ ਪੰਜਾਬ ਵਿਚ 216 ਜਣਿਆਂ ਦੀ ਮੌਤ ਹੋ ਗਈ ਹੈ।



# ਵਿਆਹੁਤਾ ਨਾਲ ਸਮੂਹਿਕ ਬਲਾਤਕਾਰ ਕਰਨ ਦੇ ਦੋਸ਼ ਵਿਚ 2 ਵਿਅਕਤੀਆਂ ਖਿਲਾਫ ਹੋਇਆ ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਭਾਰਦਵਾਜ)** ਵਿਆਹੁਤਾ ਨਾਲ ਸਮੂਹਿਕ ਬਲਾਤਕਾਰ ਕਰਨ ਦੇ ਦੋਸ਼ ਵਿਚ ਥਾਣਾ ਸਦਰ ਫਿਰੋਜ਼ਪੁਰ ਦੀ ਪੁਲਿਸ ਨੇ 2 ਵਿਅਕਤੀਆਂ ਸਮੇਤ ਇਕ ਅਣਪਛਾਤੇ ਵਿਅਕਤੀ ਖਿਲਾਫ 376-ਡੀ, 323 ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਿਸ ਨੂੰ ਦਿੱਤੇ ਬਿਆਨਾਂ ਵਿਚ ਪੀੜ੍ਹਤ ਔਰਤ ਨੇ ਦੱਸਿਆ ਕਿ ਮਿਤੀ 12 ਮਈ 2021 ਦੀ ਸ਼ਾਮ ਨੂੰ ਉਹ ਆਪਣੇ ਪਤੀ ਨਾਲ ਆਪਣੇ ਖੇਤ ਪਨੀਰੀ ਨੂੰ ਪਾਣੀ ਲਾਉਣ ਗਈ ਸੀ ਤੇ ਉਸ ਦਾ ਪਤੀ ਖੇਤਾਂ ਵਿਚ ਫੇਰਾ ਮਾਰਨ ਚਲਾ ਗਿਆ ਤੇ ਉਹ ਦਰਿਆ ਦੇ ਕੰਢੇ ਪਸ਼ੂਆਂ ਲਈ ਚਾਰਾ ਕੱਟਣ ਚਲੀ ਗਈ, ਜਦ ਉਹ ਚਾਰ ਕੱਟ ਰਹੀ ਸੀ ਤਾਂ ਇਕ ਅਣਪਛਾਤਾ ਆਦਮੀ ਪਿਛੋਂ ਦੀ ਆਇਆ ਤੇ ਉਸ ਦਾ ਮੂੰਹ ਘੁੱਟ ਲਿਆ ਤੇ ਖਿੱਚ ਕੇ ਡਿੱਬ ਵਿਚ ਲੈ ਗਿਆ ਜਿਥੇ ਪਹਿਲਾ ਤੋਂ ਹੀ ਮੌਜੂਦ ਹਰਜੀਤ ਸਿੰਘ ਪੁੱਤਰ ਜੰਗੀਰ ਸਿੰਘ ਅਤੇ ਸੁਰਜੀਤ ਸਿੰਘ ਪੁੱਤਰ ਸੰਤਾ ਸਿੰਘ ਸਨ ਜਿਨ੍ਹਾਂ ਨੇ ਉਸ ਦੀ ਖਿੱਚ ਧੂਹ ਕੀਤੀ ਤੇ ਉਸ ਦੇ ਮਰਜੀ ਖਿਲਾਫ ਸਮੂਹਿਕ ਬਲਾਤਕਾਰ ਕੀਤਾ। ਇਸ ਮਾਮਲੇ ਦੀ ਜਾਂਚ ਕਰ ਰਹੇ ਸਬ ਇੰਸਪੈਕਟਰ ਪਰਮਜੀਤ ਕੌਰ ਨੇ ਦੱਸਿਆ ਕਿ ਪੁਲਿਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਅਨ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

# ਸਰਕਾਰੀ ਹਦਾਇਤਾਂ ਦਾ ਪਾਲਣ ਨਾ ਕਰਨ ਦੇ ਸੰਬੰਧ ਵਿੱਚ 3 ਦੇ ਖਿਲਾਫ ਹੋਇਆ ਮੁਕੱਦਮਾ ਦਰਜ

**ਫਿਰੋਜ਼ਪੁਰ (ਅਸ਼ੋਕ ਭਾਰਦਵਾਜ )** ਕੋਵਿਡ-19 ਦੇ ਵੱਧਦੇ ਪ੍ਰਕੋਪ ਨੂੰ ਰੋਕਣ ਲਈ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਗਏ ਨਿਰਦੇਸ਼ਾਂ ਤਹਿਤ ਜ਼ਿਲ੍ਹਾ ਮੈਜਿਸਟਰੇਟ ਵੱਲੋਂ ਜਾਰੀ ਕੀਤੇ ਗਏ ਉਲੰਘਣਾ ਕਰਨ ਦੇ ਦੋਸ਼ ਵਿਚ ਥਾਣਾ ਗੁਰੂਹਰਸਹਾਏ ਦੀ ਪੁਲਿਸ ਨੇ 3 ਲੋਕਾਂ ਖਿਲਾਫ ਧਾਰਾ 188 ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਥਾਣਾ ਗੁਰੂਹਰਸਹਾਏ ਦੀ ਪੁਲਿਸ ਦੇ ਏਐੱਸਆਈ ਗੁਰਚਰਨ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਿਸ ਪਾਰਟੀ ਗਸ਼ਤ ਵਾ ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸਬੰਧ ਵਿਚ ਨੇੜੇ ਰੇਲਵੇ ਵਿਖੇ ਮੌਜੂਦ ਸੀ ਤਾਂ ਇਸ ਦੌਰਾਨ ਦੋਸ਼ੀ ਨਰੇਸ਼ ਕੁਮਾਰ ਯਾਦਵ ਪੁੱਤਰ ਜਗਦੀਸ਼, ਧਰਮਿੰਦਰ ਸਿੰਘ ਪੁੱਤਰ ਬਲਕਾਰ ਸਿੰਘ ਅਤੇ ਸਵਰਨਜੀਤ ਸਿੰਘ ਪੁੱਤਰ ਬਲਵੀਰ ਸਿੰਘ ਵਾਸੀਅਨ ਮੋਹਨ ਕੇ ਉਤਾੜ ਜੋ ਆਂਡਿਆਂ ਦੀ ਰੇਹੜੀ ਲਗਾ ਕੇ ਆਂਡੇ ਵੇਚ ਰਹੇ ਹਨ। ਦੋਸ਼ੀਅਨ ਵੱਲੋਂ ਪੰਜਾਬ ਸਰਕਾਰ ਤੇ ਮਾਣਯੋਗ ਡਿਪਟੀ ਕਮਿਸ਼ਨਰ ਫਿਰੋਜ਼ਪੁਰ ਦੇ ਹੁਕਮਾਂ ਦੀ ਉਲੰਘਣਾ ਕਰਨ ਤੇ ਦੋਸ਼ੀਅਨ ਖਿਲਾਫ ਮਾਮਲਾ ਦਰਜ ਕੀਤਾ ਗਿਆ ਹੈ।

# ਕੇਦਰੀ ਜੇਲ੍ਹ ਵਿਚੋਂ 30 ਗ੍ਰਾਮ ਅਫੀਮ ਬਰਾਮਦ

**ਫਿਰੋਜ਼ਪੁਰ (ਅਸ਼ੋਕ ਭਾਰਦਵਾਜ )** ਫਿਰੋਜ਼ਪੁਰ ਦੀ ਕੇਂਦਰੀ ਜੇਲ੍ਹ ਵਿਚ ਥਰੋਂ ਕੀਤੀਆਂ ਗੇਦਾਂ ਵਿਚੋਂ ਟਾਵਰ ਨੰਬਰ 4-5 ਦੇ ਕੋਲ ਦੋ ਹੈਂਡਫੋਨ ਤੇ 30 ਗ੍ਰਾਮ ਅਫੀਮ ਬਰਾਮਦ ਹੋਈ ਹੈ। ਜਾਣਕਾਰੀ ਦਿੰਦੇ ਹੋਏ ਸਬ ਇੰਸਪੈਕਟਰ ਬਲਰਾਜ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਇਕ ਪੱਤਰ ਨੰਬਰ 2942 ਰਾਹੀਂ ਸੁਖਵੰਤ ਸਿੰਘ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਫਿਰੋਜ਼ਪੁਰ ਨੇ ਦੱਸਿਆ ਕਿ ਮਿਤੀ 15 ਮਈ 2021 ਕਰੀਬ ਡੇਢ ਵਜੇ ਜੇਲ੍ਹ ਦੇ ਅੰਦਰ ਬਣੇ ਫਾਂਸੀ ਅਹਾਤੇ ਦੇ ਕੋਲ ਟਾਵਰ ਨੰਬਰ 4-5 ਦੇ ਵਿਚਕਾਰ ਕਿਸੇ ਸ਼ਰਾਰਤੀ ਅਨਸਰ ਵੱਲੋਂ ਲਗਾਤਾਰ 2 ਗੇਦਾਂ ਰੰਗ ਪੀਲਾ ਥਰੋ ਕੀਤੀਆਂ ਗਈਆਂ, ਇਨ੍ਹਾਂ ਗੇਦਾਂ ਨੂੰ ਖੋਲ੍ਹ ਕੇ ਚੈੱਕ ਕਰਨ ਤੇ ਇਕ ਗੇਂਦ ਵਿਚੋਂ 2 ਹੈਂਡਫੋਨ ਤੇ ਦੂਜੀ ਗੇਂਦ ਵਿਚੋਂ ਤਕਰੀਬਨ 30 ਗ੍ਰਾਮ ਅਫੀਮ ਬਰਾਮਦ ਹੋਈ। ਥਾਣਾ ਸਿਟੀ ਫਿਰੋਜ਼ਪੁਰ ਦੀ ਪੁਲਿਸ ਨੇ ਦੱਸਿਆ ਕਿ ਪੁਲਿਸ ਨੇ ਅਣਪਛਾਤੇ ਵਿਅਕਤੀ ਖਿਲਾਫ 52-ਏ, 42 ਪਰੀਸੰਨਜ ਐਕਟ ਅਤੇ ਐੱਨਡੀਪੀਐੱਸ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ।

# ਹੁਣ ਤੱਕ 2000 ਦੇ ਕਰੀਬ ਰਜਿਸਟਰਡ ਕਾਮਿਆਂ ਦਾ ਟੀਕਾਕਰਨ




**ਕਪਰਥਲਾ।** ਕਪੂਰਥਲਾ ਜਿਲ੍ਹੇ ਵਿਚ ਪੰਜਾਬ ਕੰਸਟਰਕਸ਼ਨ ਬੋਰਡ ਕੋਲ ਰਜਿਸਟਰਡ ਕਾਮਿਆਂ ਦੇ ਟੀਕਾਕਰਨ ਦਾ ਕੰਮ ਤੇਜੀ ਨਾਲ ਜਾਰੀ ਹੈ ਅਤੇ ਬੀਤੇ ਕੱਲ੍ਹ ਤੱਕ 18 ਤੋਂ 44 ਸਾਲ ਤੱਕ ਦੇ 1937 ਉਸਾਰੀ ਕਾਮਿਆਂ ਦਾ ਟੀਕਾਕਰਨ ਹੋ ਚੁੱਕਾ ਹੈ। ਕੰਸਟਰਕਸ਼ਨ ਬੋਰਡ ਕੋਲ ਕਪੂਰਥਲਾ ਜਿਲ੍ਹੇ ਵਿਚ ਲਗਭਗ 6000 ਦੇ ਕਰੀਬ ਮਜ਼ਦੂਰ ਰਜਿਸਟਰਡ ਹਨ, ਜਿਨ੍ਹਾਂ ਦਾ ਟੀਕਾਕਰਨ ਕੀਤਾ ਜਾਣਾ ਹੈ। ਡਿਪਟੀ ਕਮਿਸ਼ਨਰ ਸ਼੍ਰੀਮਤੀ ਦੀਪਤੀ ਉੱਪਲ ਨੇ ਦੱਸਿਆ ਕਿ ਜਿਲ੍ਹੇ ਅੰਦਰ ਹੁਣ ਤੱਕ 118464 ਲੋਕਾਂ ਦਾ ਟੀਕਾਕਰਨ ਹੋਇਆ ਹੈ, ਜਿਸ ਵਿਚੋਂ ਸਭ ਤੋਂ ਜਿਆਦਾ ਸੀਨੀਅਰ ਸਿਟੀਜ਼ਨ ਸ਼੍ਰੇਣੀ ਦੇ 73878 ਲੋਕ ਹਨ, ਜੋ ਕਿ ਸਭ ਤੋਂ ਉੱਚ ਜ਼ੋਖਮ ਵਾਲੀ ਸ਼੍ਰੇਣੀ ਵਿਚ ਆਉਂਦੇ ਹਨ। ਜਿਲ੍ਹਾ ਟੀਕਾਕਰਨ ਅਫਸਰ ਡਾ. ਰਣਦੀਪ ਸਿੰਘ ਦੱਸਦੇ ਹਨ ਕਿ ਉਸਾਰੀ ਮਜ਼ਦੂਰਾਂ ਦੇ ਟੀਕਾਕਰਨ ਵਿਚ ਵੱਡੀ ਦਿੱਕਤ ਉਨ੍ਹਾਂ ਨੂੰ ਟੀਕਾਕਰਨ ਕੈਂਪ ਤੱਕ ਲੈ ਕੇ ਆਉਣਾ ਹੈ, ਜਿਸ ਲਈ ਹੁਣ ਉਸਾਰੀ ਵਾਲੀਆਂ ਥਾਵਾਂ 'ਤੇ ਹੀ ਟੀਕਾਕਰਨ ਲਈ ਮੁਹਿੰਮ ਸ਼ੁਰੂ ਕੀਤੀ ਜਾ ਰਹੀ ਹੈ।

## ਮੇਅਰ ਕੁਲਭੂਸਣ ਗੋਇਲ ਨੇ ਵਾਰਡ ਨੰਬਰ 2 ਵਿੱਚ ਚੱਲ ਰਹੇ ਵਿਕਾਸ ਕਾਰਜਾਂ ਦਾ ਕੀਤਾ ਨਿਰਖਣ



**ਪੰਚਕਲਾ (ਦੀਪਕ ਸ਼ਰਮ)** ਮੇਅਰ ਕੁਲਭੂਸਣ ਗੋਇਲ ਨੇ ਵਾਰਡ ਨੰਬਰ 2 ਵਿੱਚ ਚੱਲ ਰਹੇ ਵਿਕਾਸ ਕਾਰਜਾਂ ਦਾ ਨਿਰੀਖਣ ਕੀਤਾ । ਉਨਾਂ ਨਾਲ ਵਾਰਡ ਦੇ ਕੌਂਸਲਰ ਸੁਰੇਸ ਵਰਮਾ ਵੀ ਮੌਜੂਦ ਸਨ । ਮੇਅਰ ਨੇ ਮੌਕੇ 'ਤੇ ਮੌਜੂਦ ਮੁੱਖ ਸਫਾਈ ਇੰਸਪੈਕਟਰ ਸਾਧੂ ਰਾਮ ਨੈਨ ਅਤੇ ਸਬੰਧਤ ਸੁਪਰਵਾਈਜਰਾਂ ਨੂੰ ਹਦਾਇਤ ਕੀਤੀ ਕਿ ਵਾਰਡ ਵਿੱਚ ਜਿੱਥੇ ਵੀ ਗੰਦਗੀ ਜਾਂ ਮਲਬੇ ਦਾ ਢੇਰ ਲੱਗਿਆ ਹੋਵੇ, ਉਸਨੂੰ ਨੂੰ ਤੁਰੰਤ ਚੁੱਕਿਆ ਜਾਵੇ । ਰੁੱਖਾਂ ਤੋਂ ਡਿੱਗ ਰਹੇ ਪਤਿਆਂ ਨੂੰ ਚੁੱਕ ਕੇ ਹੋਰਟੀਕਲਚਰ ਵੈਸਟ ਸੈਂਟਰ ਨੂੰ ਭੇਜਿਆ ਜਾਵੇ । ਗੰਦਗੀ ਕਿਧਰੇ ਨਹੀਂ ਵੇਖੀ ਜਾਣੀ ਚਾਹੀਦੀ । ਕੁਲਭੂਸਣ ਗੋਇਲ ਨੇ ਕਿਹਾ ਕਿ ਸਹਿਰ ਨੂੰ ਸਾਫ ਸੁਥਰਾ ਅਤੇ ਸਵੱਛ ਰੱਖਣ ਲਈ ਸਫਾਈ ਮਿੱਤਰਾਂ ਦਾ ਸਭ ਤੋਂ ਮਹੱਤਵਪੂਰਣ ਯੋਗਦਾਨ ਹੈ । ਸਹਿਰ ਦੇ ਮੁੱਖ ਅਤੇ ਅੰਦਰੂਨੀ ਰਸਤੇ ਹਰ ਰੋਜ ਸਵੇਰੇ ਅਤੇ ਸਾਮ ਨੂੰ ਸਾਫ ਕੀਤੇ ਜਾਣੇ ਚਾਹੀਦੇ ਹਨ । ਉਨਾਂ ਕਿਹਾ ਕਿ ਅਗਲੇ ਛੇ ਮਹੀਨਿਆਂ ਵਿੱਚ ਲੋਕ ਪੰਚਕੂਲਾ ਦਾ ਨਵਾਂ ਰੂਪ ਵੇਖਣਗੇ। ਇਸ ਦਿਸਾ ਵਿਚ ਬਹੁਤ ਸਾਰੇ ਕੰਮ ਕੀਤੇ ਜਾ ਰਹੇ ਹਨ, ਜਿਸ ਵਿਚ ਪੰਚਕੂਲਾ ਨੂੰ ਅਵਾਰਾ ਪਸੂਆਂ ਮੁਕਤ, ਪ੍ਰਦੂਸਣ ਮੁਕਤ, ਪਲਾਸਟਿਕ ਅਤੇ ਝੁੱਗੀ-ਝੌਂਪੜੀ ਰਹਿਤ ਬਣਾਉਣਾ ਸਾਮਲ ਹੈ ।